

੧ ਓ ਸਤਿਗੁਰਪ੍ਰਸਾਦਿ ॥

ਗੁਰਿਆਈ

ਦਾ

ਸਿੱਧਾਂਤ ਤੇ ਸਿਲਸਿਲਾ

ਸਰਦੂਲ ਸਿੰਘ 'ਗਾਂਧੀ'

੧ ੴ ਸਤਿਗੁਰਪ੍ਰਸਾਦਿ ॥

ਕਹੁ ਕਬੀਰ ਜਨ ਭਏ ਖਾਲਾਸੇ ਪ੍ਰੇਮ ਭਗਤਿ ਜਿਹ ਜਾਨੀ ॥

[ਸੋਰਠਿ ਕਬੀਰ ਜੀ

ਗੁਰੂ ਘਰ ਵਿਚ

ਗੁਰਿਆਈ

ਦਾ

ਸਿੱਧਾਂਤ ਤੇ ਸਿਲਸਿਲਾ



ਲੇਖਕ ਤੇ ਪ੍ਰਕਾਸ਼ਕ

ਸਰਦੂਲ ਸਿੰਘ 'ਗਾਂਧੀ'

ਪਹਿਲੀ ਵਾਰ ੧੦੦੦ ਮੋਖ ।=)

ਤਤਕਰਾ

ਅਧਜਾਇ ਦੂਜਾ

ਅਧਜਾਇ ਤੀਜਾ



ਦੇਵੀ ਦਾਸ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ ਵਿਚ ਭਾਈ ਸੁੰਦਰ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ ॥

ਪ੍ਰਾਰਥਨਾ

ਸਲੋਕ

[ਇਹੁ ਸਲੋਕੁ ਆਦਿ ਅੰਤਿ ਪੜ੍ਹਣਾ]

ਗੁਰਦੇਵ ਮਾਤਾ, ਗੁਰਦੇਵ ਪਿਤਾ,
ਗੁਰਦੇਵ ਸੁਆਮੀ, ਪਰਮੇਸੁਰਾ ॥
ਗੁਰਦੇਵ ਸਖਾ, ਅਗਿਆਨ ਭੰਜਨੁ,
ਗੁਰਦੇਵ ਬੰਧਿਪ, ਸਹੋਦਰਾ ॥
ਗੁਰਦੇਵ ਦਾਤਾ, ਹਰਿ ਨਾਮੁ ਉਪਦੇਸੈ,
ਗੁਰਦੇਵ ਮੰਤੁ, ਨਿਰੋਧਰਾ ॥
ਗੁਰਦੇਵ ਸਾਂਤਿ, ਸਤਿ ਬੁਧਿ ਮੂਰਤਿ,
ਗੁਰਦੇਵ ਪਾਰਸ, ਪਰਸ ਪਰਾ ॥
ਗੁਰਦੇਵ ਤੀਰਥੁ, ਅੰਮ੍ਰਿਤ ਸਰੋਵਰੁ,
ਗੁਰ ਗਿਆਨ ਮਜਨੁ, ਅਪਰੰਪਰਾ ॥
ਗੁਰਦੇਵ ਕਰਤਾ, ਸਭਿ ਪਾਪ ਹਰਤਾ,
ਗੁਰਦੇਵ ਪਤਿਤ ਪਵਿਤ ਕਰਾ ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ,
ਗੁਰਦੇਵ ਮੰਤੁ 'ਹਰਿ' ਜਪਿ ਉਧਰਾ ॥
ਗੁਰਦੇਵ ਸੰਗਤਿ 'ਪ੍ਰਭੁ' ਮੇਲਿ,
ਕਰਿ ਕਿਰਪਾ ਹਮ ਮੂੜ ਪਾਪੀ
ਜਿਤੁ ਲਗਿ ਤਰਾ ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ,
ਗੁਰਦੇਵ ਨਾਨਕ ਹਰਿ, ਨਮਸਕਰਾ ॥੧॥

[ਗਉੜੀ ਬਾਵਨ ਅਖਰੀ ਮਹਲਾ ੫

ਭੂਮਿਕਾ

ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ।

[ਆਸਾ ਮਹਲਾ ੫

ਸਿੱਖ ਧਰਮ ਦੀ ਸਿਖਿਆ ਅਨੁਸਾਰ 'ਗੁਰਿਆਈ ਦੇ ਸਿੱਧਾਂਤ ਤੇ ਪਰਸੰਗਾਂ' ਤੇ ਕੋਈ ਪ੍ਰਮਾਨੀਕ ਸੰਗ੍ਰਹ ਪੰਥ ਵਿਚ ਪ੍ਰਚਲਿਤ ਨਹੀਂ। ਇਸ ਥੋੜ ਤੇ ਲੋੜ ਨੂੰ ਪੂਰਾ ਕਰਨ ਲਈ ਸਰਦਾ ਬਨਦਾ ਜਤਨ ਕੀਤਾ ਹੈ। ਗੁਰੂ ਖਾਲਸਾ ਪੰਥ ਦੀ ਜੱਥੇਬੰਦੀ ਨੂੰ ਨੁਕਸਾਨ ਹੁੰਦਾ ਦੇਖਕੇ ਏਹ ਸੰਗ੍ਰਹ ਕੀਤਾ ਹੈ। ਗੁਣੀ ਗਿਆਨੀ ਜਨ ਇਸ ਤੇ ਵੀਚਾਰ ਕਰਨ ਅਤੇ ਗੁਰੂ ਖਾਲਸਾ ਪੰਥ ਦੇ ਗੁਝੇ ਮਿੱਤ੍ਰਾਂ ਦੀਆਂ ਹੇਰਾ ਫੇਰੀਆਂ ਤੋਂ ਸੁਚੇਤ ਰਹਿਣ। ਆਉਣ ਵਾਲੀਆਂ ਸਿਖ ਸੰਤਾਨਾਂ ਲਈ ਕੋਈ ਉਚਿਤ ਉਪਰਾਲ਼ਾ ਕਰਨ ਕਿ ਪੰਥ ਵਿਚ ਧਾਰਮਕ ਤੇ ਭਾਈ-ਚਾਰਕ ਫੁਟ ਨ ਫੈਲੇ।

ਗੁਰੂ ਖਾਲਸਾ ਪੰਥ ਤੇ ਖੋਜੀ ਪਾਠਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਜੇ ਇਸ ਪੁਸਤਕ ਵਿਚ ਕੋਈ 'ਭੁਲ ਚੁਕ' ਦੇਖਣ ਤਾਂ ਦਾਸ ਨੂੰ ਲਿਖ ਘੱਲਨ। ਜੇ ਕੋਈ 'ਪ੍ਰਮਾਨ ਜਾਂ ਪ੍ਰਸੰਗ" ਲਿਖਣੋ ਰਹਿ ਗਿਆ ਹੈ, ਤਾਂ ਭੀ ਦਾਸ ਨੂੰ ਪਤਾ ਦੇਣ ਦੀ ਖੇਚਲ ਕਰਨ। ਅਗਲੀ ਵਾਰੀ ਪੁਸਤਕ ਛਪਨ ਵੇਲੇ ਸੁਧਾਈ ਹੋ ਜਾਏਗੀ।

ਜਿਨ੍ਹਾਂ ਮਹਾਂਨੁਭਾਵ ਗ੍ਰੰਥਕਾਰਾਂ ਦੇ ਪ੍ਰਮਾਨ ਦਿਤੇ ਹਨ ਤੇ ਜਿਨ੍ਹਾਂ ਸਜਨਾਂ ਨੇ ਸਲਾਹ ਸਹਾਇਤਾ ਦਿੱਤੀ ਹੈ ਤਿਨ੍ਹਾਂ ਸਭਨਾ ਦਾ ਧੰਨਜਵਾਦ ਹੈ। ਦਾਸ—ਕਰਤਾ

ર.મી. દાવડી.

પ્રવાસ ગૌરી દાવડાને -

ੴ ਸਤਿਗੁਰ ਪ੍ਰਸਾਦਿ ॥

ਅਧਿਆਇ ਪਹਿਲਾ

ਗੁਰੂ ਸਿੱਧਾਂਤ

(ਪ੍ਰਸ਼ਨ)-ਗੁਰਬਾਣੀ ਅਨੁਸਾਰ ਸਤਿਗੁਰੂ ਦੇ ਕੀ ਲੱਛਨ ਹਨ ?

(ਉੱਤਰ)-ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਏਹ ਪਰਮਾਣ ਮਿਲਦੇ ਹਨ:-

(ੳ) ਸਤਿਗੁਰੁ ਤੇ ਨਾਮੁ

ਧਨੁ ਧੰਨੁ 'ਗੁਰੂ' ਜਿਨਿ 'ਨਾਮੁ' ਅਰਾਧਿਆ,

[ਗਉੜੀ ਕੀ ਵਾਰ ਮ: ੪

ਸੋ 'ਸਤਿਗੁਰੁ' ਜਿਸੁ ਰਿਦੈ ਹਰਿ 'ਨਾਉ'।੩। [ਸੁਖਮਨੀ ਅ: ੧੮

ਸੋਈ 'ਸਤਿਗੁਰੁ' ਪੁਰਖੁ ਹੈ
ਜਿਨ੍ਹਿ ਪੰਜੇ ਦੂਤ ਕੀਤੇ ਵਸਿ ਛਿਕੇ॥ [ਗਉੜੀ ਕੀ ਵਾਰ ਮਹਲਾ ੪

ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ ॥
ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨ੍ਹਾ ਅੰਦਰਿ ਸਚਾ ਸੋਇ॥
ਨਾਮੁ ਸਮ੍ਹਾਲੇ, ਨਾਮੁ ਸੰਗ੍ਰਹੈ, ਨਾਮੇ ਹੀ ਪਤਿ ਹੋਇ ॥
ਨਾਨਕ ਸਤਿਗੁਰੂ ਪਾਇਆ ਕਰਮਿ ਪਰਾਪਤਿ ਹੋਇ ॥੨॥

[ਮਹਲਾ ੩, ਬਿਹਾਗੜੇ ਕੀ ਵਾਰ ਮਹਲਾ ੪

ਸਤਿਗੁਰੂ ਬਿਰਹੀ ਨਾਮ ਕਾ,
ਜੇ ਮਿਲੈ ਤ ਤਨੁ ਮਨੁ ਦੇਉ ॥ ੩ ॥

'ਸਤਿਗੁਰੁ' ਸਾਗਰੁ ਗੁਣ 'ਨਾਮ' ਕਾ,
ਮੈ ਤਿਸੁ ਦੇਖਣ ਕਾ ਚਾਉ ॥੬॥ [ਸੂਹੀ ਮ: ੪ ਅਸਟਪਦੀਆ ਘਰ ੧੦

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ 'ਧੁਨਿ' ਬਾਣੀ,
ਸਹਜੇ ਸਹਜਿ ਸਮਾਈ ਹੇ ॥ ੬ ॥ [ਮਾਰੂ ਸੋਲਹੇ ਮਹਲਾ ੪

(ਅ) ਸਤਿਗੁਰੁ ਤੇ ਸਤਿਪੁਰਖੁ

ਸਤਿ ਪੁਰਖੁ ਜਿਨਿ ਜਾਨਿਆ
'ਸਤਿਗੁਰੁ' ਤਿਸਕਾ ਨਾਉ ॥
ਤਿਸਕੈ ਸੰਗਿ ਸਿਖੁ ਉਧਰੈ
ਨਾਨਕ ਹਰਿ ਗੁਨ ਗਾਉ ॥ ੧ ॥ [ਸੁਖਮਨੀ ਸਲੋਕੁ ੧੮

ਬ੍ਰਹਮੁ ਬਿੰਦੇ ਸੋ 'ਸਤਿਗੁਰੁ' ਕਹੀਐ
ਹਰਿ ਹਰਿ ਕਥਾ ਸੁਣਾਵੈ ॥ [ਮਲਾਰ ਮਹਲਾ ੪

(ੲ) ਸਤਿਗੁਰੁ ਤੇ ਸਿਖ

ਘਰ ਮਹਿ ਘਰੁ ਦਿਖਾਇ ਦੇਇ
ਸੋ 'ਸਤਿਗੁਰੁ' ਪੁਰਖੁ ਸੁਜਾਣੁ ॥ [ਵਾਰ ਮਲਾਰ ਕੀ ਮਹਲਾ ੧

ਘਰ ਭੀਤਰਿ ਘਰੁ ਗੁਰੂ ਦਿਖਾਇਆ
ਸਹਜਿ ਰਤੇ ਮਨ ਭਾਈ ॥ [ਸੋਰਠਿ ਮਹਲਾ੧

ਜਿਸੁ ਮਿਲਿਐ ਮਨਿ ਹੋਇ 'ਅਨੰਦੁ'
ਸੋ 'ਸਤਿਗੁਰੁ' ਕਹੀਐ ॥ [ਗਉੜੀ ਬੈਰਾਗਣਿ ਮਹਲਾ ੪
ਮਿਟਹਿ ਕਲੇਸ, ਸੁਖੀ ਹੋਇ ਰਹੀਐ ॥

[illegible]

In Alphabetical Order in 2nd Edition

ਐਸਾ ਦਾਤਾ, 'ਸਤਿਗੁਰੁ' ਕਹੀਐ ॥ [ਗਉੜੀ ਗੁਆਰੇਰੀ ਮਹਲਾ ੫

ਸਤਿਗੁਰੁ' ਸਿਖ ਕਉ 'ਨਾਮ' ਧਨੁ ਦੇਇ ॥ [ਸੁਖਮਨੀ ਅ: ੧੮

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ,
ਸਤਿਗੁਰੁ ਹੋਇ ਲਖਾਵੈ ॥ ੨ ॥ ੧ ॥ [ਧਨਾਸਰੀ ਪੀਪਾ

ਸੋ ਗੁਰਬਾਣੀ ਅਨੁਸਾਰ 'ਨਾਮ ਬਿਰਹੀ' ਜਾਂ 'ਨਾਮ ਨਾਲ ਰੱਤਾ' ਸਤਿਗੁਰ ਹੈ। ਜੋ ਬ੍ਰਹਮ ਤੇ ਸਤਿ ਪੁਰਖੁ ਨੂੰ ਜਾਨੇ ਸੋ ਸਤਿਗੁਰੁ ਹੈ। ਸਿਖ ਨੂੰ 'ਘਰ ਵਿਚ ਘਰ' ਦਿਖਾ ਦਏ ਤੇ ਜਿਸਦੇ ਮਿਲਿਆਂ 'ਮਨ ਨੂੰ ਅਨੰਦ' ਹੋਏ ਸੋ ਸਤਿਗੁਰ ਹੈ । ਗੁਰਬਾਣੀ ਵਿਚ ਲਿਖਿਆ ਹੈ:—

ਜਿਨ੍ਹ ਐਸਾ 'ਸਤਿਗੁਰੁ ਸਾਧੁ' ਨ ਪਾਇਆ,
ਤੇ ਧ੍ਰਿਗੁ ਧ੍ਰਿਗ ਨਰ ਜੀਵਾਈਐ ॥ [ਬਸੰਤੁ ਹਿੰਡੋਲ ਮਹਲਾ ੪

ਗੁਰੂ ਮਹਿਮਾ

ਐਸੇ ਸ਼ਬਦ ਸੰਪੰਨ ਗੁਰੂ ਦੀ ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਵਾਰਾਂ ਭਾਈ ਗੁਰਦਾਸ ਜੀ ਵਿਚ ਨਾਨਾ ਅਲੰਕਾਰਾਂ ਸਹਿਤ ਲਿਖੀ ਹੈ। ਅਸੀਂ ਵੰਨਗੀ ਮਾਤ੍ਰ ਪਰਮਾਣ ਹੇਠਾਂ ਲਿਖਦੇ ਹਾਂ:—

ਗੁਰੁ ਕੁੰਜੀ

ਗੁਰੁ 'ਕੁੰਜੀ', ਪਾਹੂ ਨਿਵਲੁ, ਮਨੁ ਕੋਠਾ, ਤਨੁ ਛਤਿ ॥
ਨਾਨਕ 'ਗੁਰ ਬਿਨੁ' ਮਨ ਕਾ ਤਾਕੁ ਨ ਉਘੜੈ,
ਅਵਰ ਨ 'ਕੁੰਜੀ' ਹਥਿ ॥ ੧ ॥ {ਸ਼ਲੋਕ ਮਹਲਾ ੨
{ਸਾਰੰਗ ਕੀ ਵਾਰ ਮਹਲਾ ੪

ਗੁਰੁ ਬੇਲੀ

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥.....
ਓਥੈ ਸਤਿਗੁਰੁ 'ਬੇਲੀ' ਹੋਵੈ ਕਢਿ ਲਏ ਅੰਤੀ ਵਾਰ ॥

[ਵਾਰ ਮਲਾਰ ਕੀ ਮਹਲਾ ੧

ਗੁਰੁ ਬੋਹਿਥੁ

ਸਤਿਗੁਰੁ 'ਬੋਹਿਥੁ' ਬੇੜੁ ਸੱਚਾ ਰਖਸੀ ॥.........
ਕਰਤਾ ਕਰੇ ਸੁ ਹੋਗੁ ਕੂੜੁ ਨਿਖੁਟਸੀ ॥ [ਵਾਰ ਮਲਾਰ ਕੀ ਮਹਲਾ ੧
ਸਤਿਗੁਰੂ ਹੈ 'ਬੋਹਿਥਾ', ਸਬਦਿ ਲੰਘਾਵਣ ਹਾਰੁ ॥.........
ਗੁਰਮੁਖਿ ਲੰਘੇ ਸੇ ਪਾਰਿ ਪਏ,
ਸਚੇ ਸਿਉ ਲਿਵ ਲਾਇ ॥ [ਮਾਰੂ ਅਸਟਪਦੀਆ ਮਹਲਾ ੧
ਹਮ ਲੋਹ, ਗੁਰ ਨਾਵ 'ਬੋਹਿਥਾ'
ਨਾਨਕ ਪਾਰਿ ਲੰਘਾਈ ॥ ੪ ॥ ੭ ॥ [ਮਲਾਰ ਮਹਲਾ ੪

ਗੁਰੁ ਪਾਂਧਾ

ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥
ਧਨੁ ਧੰਨੁ ਸੁ ਰਸਨਾ ਧੰਨੁ ਕਰ, ਧੰਨੁ ਸੁ 'ਪਾਧਾ ਸਤਿਗੁਰੂ'
ਜਿਤੁ ਮਿਲਿ ਹਰਿ ਲੇਖਾ ਲਿਖਾ॥ ੮ ॥[ਕਾਨੜੇ ਕੀ ਵਾਰ ਮਹਲਾ ੪
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ 'ਪਾਧਾ'
ਜਿਨ ਹਰਿ ਉਪਦੇਸੁ ਦੇ ਕੀਏ ਸਿਆਣੇ ॥[ਗਉੜੀ ਬੈਰਾਗਣਿ ਮ: ੪

ਗੁਰੁ ਦੀਪਕ

ਗੁਰੁ ਦਾਤਾ, ਗੁਰੁ ਹਿਵੈ ਘਰੁ,
ਗੁਰੁ 'ਦੀਪਕੁ', ਤਿਹ ਲੋਇ ॥ [ਵਾਰ ਮਾਝ ਕੀ ਤਥਾ ਸਲੋਕ ਮਹਲਾ ੧

[illegible]

[illegible]
[illegible]
[illegible]

[illegible]
[illegible]
[illegible]

[illegible]

[illegible]
[illegible]
[illegible]
[illegible]

[illegible]
[illegible]
[illegible]

1279 [illegible]
[illegible]

[illegible]
[illegible]
[illegible]

ਗੁਰੁ ਵੈਦ

ਸਤਿਗੁਰੁ ਪੂਰਾ 'ਵੈਦ' ਹੈ, ਪੰਜ ਰੋਗ ਅਸਾਧ ਨਿਵਾਰੇ ॥

[ਭਾਈ ਗੁਰਦਾਸ ਜੀ, ਵਾਰ ੨੬, ਪਉੜੀ ੧੯

ਗੁਰੁ ਪੀਲਕੁ

ਮਨੁ ਕੁੰਚਰੁ, ਪੀਲਕੁ ਗੁਰੂ, ਗਿਆਨੁ ਕੁੰਡਾ,
ਜਹ ਖਿੰਚੇ ਤਹ ਜਾਇ ॥
ਨਾਨਕ ਹਸਤੀ ਕੁੰਡੇ ਬਾਹਰਾ,
ਫਿਰਿ ਫਿਰਿ ਉਝੜਿ ਪਾਇ ॥੨॥ [ਗੂਜਰੀ ਕੀ ਵਾਰ, ਮਹਲਾ ੩

ਗੁਰੁ ਬੋਹਲੁ

ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ [ਵਡਹੰਸ ਕੀ ਵਾਰ ਮਹਲਾ ੪

ਗੁਰੁ ਪਉੜੀ

ਗੁਰੁ ਪਉੜੀ, ਬੇੜੀ ਗੁਰੂ, ਗੁਰੁ ਤੁਲਹਾ, ਹਰਿ ਨਾਉ ॥
ਗੁਰੁ ਸਰੁ ਸਾਗਰੁ ਬੋਹਿਥੋ, ਗੁਰੁ ਤੀਰਥੁ ਦਰੀਆਉ ॥

[ਸਿਰੀ ਰਾਗੁ ਮਹਲਾ ੧

ਗੁਰੁ ਪਰਮੇਸਰੁ

ਗੁਰੁ ਦਾਤਾ, ਸਮਰਥੁ ਗੁਰੁ, ਗੁਰੁ ਸਭ ਮਹਿ ਰਹਿਆ ਸਮਾਇ ॥
ਗੁਰੁ ਪਰਮੇਸਰੁ, ਪਾਰਬ੍ਰਹਮੁ ਗੁਰੁ,
ਡੁਬਦਾ ਲਏ ਤਰਾਇ ॥ ੨ ॥ [ਸਿਰੀ ਰਾਗੁ ਮਹਲਾ ੫

ਗੁਰੁ ਦਯੁ

ਗੁਰੁ ਨਾਰਾਇਣੁ, ਦਯੁ ਗੁਰੁ, ਗੁਰੁ ਸਚਾ ਸਿਰਜਣ ਹਾਰੁ ॥

ਗੁਰਿ ਤੁਠੈ ਸਭ ਕਿਛੁ ਪਾਇਆ,
ਜਨ ਨਾਨਕ ਸਦ ਬਲਿਹਾਰ ॥ [ਗਉੜੀ ਮਹਲਾ ੫ ਮਾਂਝ

ਗੁਰੁ ਤੀਰਥੁ

ਨਾਨਕ, ਗੁਰ ਸਮਾਨਿ 'ਤੀਰਥੁ' ਨਹੀ ਕੋਈ
ਸਾਚੇ ਗੁਰ ਗੋਪਾਲਾ ॥ ੩ ॥ [ਆਸਾ ਮਹਲਾ ੧

ਗੁਰੁ ਮਾਨ-ਸਰੋਵਰੁ

ਗੁਰੁ ਸਰਵਰੁ 'ਮਾਨ ਸਰੋਵਰੁ' ਹੈ, ਵਡਭਾਗੀ ਪੁਰਖ ਲਹੰਨ੍ਹਿ ॥
ਸੇਵਕ ਗੁਰਮੁਖਿ ਖੋਜਿਆ, ਸੇ ਹੰਸਲੇ ਨਾਮੁ ਲਹੰਨਿ ॥
[ਸੂਹੀ ਮਹਲਾ ੩

ਗੁਰੁ ਸਾਗਰੁ

ਗੁਰ ਬਿਨੁ ਦਾਤਾ ਅਵਰੁ ਨ ਕੋਇ ॥ ੩ ॥
ਗੁਰੁ 'ਸਾਗਰੁ' ਪੂਰਾ ਭੰਡਾਰ ॥ [ਆਸਾ ਮਹਲਾ ੩

ਗੁਰੁ ਖੇਵਟੁ

ਗੁਰੁ ਜਹਾਜੁ, 'ਖੇਵਟੁ ਗੁਰੂ', ਗੁਰ ਬਿਨੁ ਤਰਿਆ ਨ ਕੋਇ ॥
ਗੁਰ ਪ੍ਰਸਾਦਿ ਪ੍ਰਭੁ ਪਾਈਐ, ਗੁਰ ਬਿਨੁ ਮੁਕਤਿ ਨ ਹੋਇ ॥
[ਸਵਈਏ ਮਹਲੇ ਚਉਥੇ ਕੇ ੪

ਗੁਰੁ ਪਾਰਸੁ

ਮਨੂਰੈ ਤੇ ਕੰਚਨ ਭਏ, ਭਾਈ,
ਗੁਰੁ 'ਪਾਰਸੁ' ਮੇਲਿ ਮਿਲਾਇ ॥ [ਸੋਰਠਿ ਮਹਲਾ ੩ ਦੁਤੁਕੀ

ਗੁਰੁ ਗਾਂਧੀ

ਸਭ ਸੁਗੰਧ ਰਲਾਇਕੈ 'ਗੁਰੁ ਗਾਂਧੀ' ਅਰਗਜਾ ਕਰੰਦਾ ॥
[ਭਾਈ ਗੁਰਦਾਸ ਜੀ, ਵਾਰ ੧੭, ਪਉੜੀ ੧੪

ਗੁਰ ਜਹਾਜ ਤਰਿਓ ਨਹੀ ਕੋਇ। ਪ੍ਰਭਾਤੀਆ ਮ:੧.

ਗੁਰ ਸਾਗਰ ਰਤਨੀ ਭਰਪੂਰੇ [ਮਾਰੂ ਮ:੧

ਗੁਰ ਸਾਗਰ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ।
[ਮਾਰੂ ਮ:੧

ਜਾ ਗੁਰ ਪਾਰਸੁ ਪਰਸ ਕਰੀਂ। ਕਰਿਆਰ ਮ:੪.
ਗੁਰ ਪਾਰਸੁ ਜੀਅ ਕਰ
ਜਿਸ ਕੀਤਾ ਤਿਸਿਆ ਕਾਲਾ ਤੁਖਾਰੀ ਮ:੪
ਜਹਿ ਗੁਰ ਮਨ ਪ੍ਰਗਟ ਹੈ ਪਾਰਸੁ
ਸੋ ਸਾਚੈ ਦ ਠੰਢ ਪਾਈਆ। ਕਾਨੜਾ ਮ:੪.

ਜਗਿ ਗੁਰੁ ਅੰਮ੍ਰਿਤ ਚਿਰਾਗ ਹੈ,
ਅੰਮ੍ਰਿਤ ਰਸਿ ਚਖਿਆ। ਦਾਸ ਨਰਾਇਣਦਾਸ.

ਪਦਮ.

ਗੁਰੂ ਜੋਤਿ ਜਗਾਇ, ਗੁਰੂ ਅਪਾਰਾ।
ਗੁਰੂ ਜੋਤਿ ਦਰਸਾਇ, ਗੁਰੂ ਪਰਵਾਰਾ।
ਗੁਰੂ ਜੋਤਿ ਪਦਮ, ਜਗਿ ਗੁਰਮੁਖਾਰੀ।
ਨਾਨਕ ਗੁਰ ਪਾਰਸੂਰਾ, ਜਾਵੇ ਬਲਿਹਾਰੀਆਂ।
ਨਰਾਇਣਦਾਸ ੫, ਅਗਸਤ

ਗੁਰੂ ਰਵਿਦਾਸ

ਗੁਰੂ ਰਵਿਦਾਸ ਜਗ ਸਰ ਜਿਹਾਜ਼ੇ,
ਜਿਗਿਆਸਾ ਦਰਸ਼ਨ ਮੰਗੇ ਚਰਨ। ਪਰਮਾਤਮਾ.
ਜਗਿ ਗੁਰਿ ਪਾਇਆਂ, ਪਰਮਾਨੰਦ,
ਪਦ੍ਮ ਪਵਿੱਤਰ ਦੇਵ ਕਰੋ।੨।
(੧੧)

ਗੁਰੁ ਸਤਸਰੁ

ਗੁਰ ਕੀ 'ਮਹਿਮਾ' ਕਿਆ ਕਹਾ,
ਗੁਰੁ ਬਿਬੇਕ ਸਤਸਰੁ ॥ [ਆਸਾ ਘਰੁ ੮, ਕਾਫੀ ਮਹਲਾ ੫

ਗੁਰੁ ਪਾਰਜਾਤੁ

ਗੁਰ ਸਮਰਥੁ, ਅਪਾਰੁ ਗੁਰੁ, ਵਡਭਾਗੀ ਦਰਸਨੁ ਹੋਇ ॥
ਗੁਰੁ ਅਗੋਚਰੁ ਨਿਰਮਲਾ, ਗੁਰ ਜੇਵਡੁ ਅਵਰੁ ਨ ਕੋਇ ॥
ਗੁਰੁ ਕਰਤਾ, ਗੁਰੁ ਕਰਣ ਹਾਰੁ, ਗੁਰਮੁਖਿ ਸਚੀ ਸੋਇ ॥
ਗੁਰ ਤੇ ਬਾਹਰਿ ਕਿਛੁ ਨਹੀ, ਗੁਰ ਕੀਤਾ ਲੋੜੇ ਸੁ ਹੋਇ॥੨॥
ਗੁਰੁ ਤੀਰਥੁ, ਗੁਰੁ 'ਪਾਰਜਾਤੁ', ਗੁਰੁ ਮਨਸਾ ਪੂਰਣ ਹਾਰੁ ॥
ਗੁਰੁ ਦਾਤਾ ਹਰਿ ਨਾਮੁ ਦੇਇ, ਉਧਰੈ ਸਭੁ ਸੰਸਾਰੁ ॥
ਗੁਰੁ ਸਮਰਥੁ, ਗੁਰੁ ਨਿਰੰਕਾਰੁ, ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ 'ਮਹਿਮਾ' ਅਗਮ ਹੈ, ਕਿਆ ਕਥੈ ਕਥਨਹਾਰੁ॥੩॥

[ਸਿਰੀ ਰਾਗੁ ਮਹਲਾ ੫

ਸੋ ਸਿਖ ਲਈ ਅਪਣਾ ਗੁਰੂ ਹੀ ਸਭ ਕੁਝ ਹੈ। ਐਸੇ ਸ਼ਬਦ ਸੰਪੰਨ ਗੁਰ ਦੀ ਕਿਰਪਾ ਹੋਵੇ ਤਾਂ 'ਪ੍ਰਭੁ' ਪਾਈਦਾ ਹੈ। ਗੁਰਬਾਣੀ ਵਿਚ ਲਿਖਿਆ ਹੈ:—

ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥

[ਸਿਰੀ ਰਾਗੁ ਮਹਲਾ ੩

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ
ਰਾਮੁ ਨ ਪਾਇਆ ਜਾਇ ॥ ਬਿਹਾਗੜੇ ਕੀ ਵਾਰ ਮਹਲਾ ੪
ਗੁਰ ਪਰਸਾਦੀ ਰਾਮੁ ਮਨਿ ਵਸੈ
ਤਾ 'ਫਲੁ' ਪਾਵੈ ਕੋਇ ॥ [ਗੂਜਰੀ ਮਹਲਾ ੩

(੮)

ਗੁਰੂ ਧਾਰਨ ਦੇ ਲਾਭ

ਸੁਖੁ ਮਾਨੈ ਭੇਟੈ ਗੁਰ ਪੀਰੁ ॥

[ਆਸਾ ਮਹਲਾ ੧

ਨਿਰੰਕਾਰ ਨੇ ਨਾਨਕ ਨਿਰੰਕਾਰੀ ਅਕਾਰ ਧਾਰਿਆ। ਏਕੰਕਾਰ 'ਗੁਰ ਅਵਤਾਰ' ਧਾਰਕੇ ਆਇਆ। ਕਰਤਾਰ ਨੇ 'ਜਗਤ ਗੁਰੂ' ਰੂਪ ਧਾਰਨ ਕੀਤਾ। ਓਹ 'ਮਾਣਸ ਮੂਰਤਿ ਨਾਨਕੁ ਨਾਮੁ*' ਬਨਿਆ। ਪੰਜਾਬੇ ਗੁਰ ਦੀ ਵਡਿਆਈ†। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਅੰਧੀ ਰਯਤਿ ਗਿਆਨ ਵਿਹੂਣੀ' ਲਈ ਗੁਰਬਾਣੀ ਦਾ ਪ੍ਰਕਾਸ਼ ਕੀਤਾ। ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ‡। ਸਤਿਗੁਰੂ ਦੀ ਸੱਚੀ ਟਕਸਾਲ ਤੋਂ ਸਿਖੀ ਦਾ ਸਿਕਾ ਚਲਿਆ। ਜਿਨ੍ਹਾਂ ਜੀਵਾਂ ਨੇ ਪੂਰੇ ਸਤਿਗੁਰ ਦੀ ਸਿਖਿਆ ਸੁਣਕੇ 'ਗੁਰ ਉਪਦੇਸ਼' ਧਾਰਨ ਕੀਤਾ ਓਹ ਨਾਮ ਦੇ ਰਸੀਏ 'ਸਿਖ' ਸਦਵਾਏ। ਗੁਰ ਦੀਖਿਆ ਲੈ ਸਿੱਖ ਸਿੱਖ ਸਦਾਇਆ§।

ਉਪਦੇਸੁ ਜਿ ਦਿਤਾ ਸਤਿਗੁਰੂ, ਸੋ ਸੁਣਿਆ ਸਿਖੀ ਕੰਨੇ ॥
ਇਹ ਚਾਲ ਨਿਰਾਲੀ ਗੁਰਮੁਖੀ, 'ਗੁਰਦੀਖਿਆ' ਸੁਣਿ ਮਨੁ ਭਿੰਨੇ॥||

ਇਹ ਸਿਖ ਸੰਗਤਿ ਜਾਂ ਉਤਮ ਪੰਥ ਦੀ ਅਟਲ ਨੀਂਹ ਧਰੀ ਗਈ। ਏਹ ਸਿੱਖੀ ਦੀ ਵੇਲ ਲੱਗੀ। ਏਹ ਸਚ ਦੀ ਧਰਮਸਾਲ ਬੱਝੀ। ਗੁਰ ਜੀ ਦੀ ਸਿਖਿਆ ਦਾ ਵੀਚਾਰ ਹੀ ਸਿੱਖੀ ਹੈ। ਪ੍ਰਮਾਰਥ ਵਿਚ 'ਪੂਰ ਗੁਰੂ' ਦੀ ਬੜੀ ਲੋੜ ਹੈ। 'ਕਾਮਲ ਮੁਰਸ਼ਦ' ਦੇ ਅਸੂਲ

---

*ਆਸਾ ਮਹਲਾ ੫। †ਭਾਈ ਗੁਰਦਾਸ ਜੀ ਵਾਰ ੧੧ ਪਉੜੀ ੨੪।

‡ਭਾਈ ਗੁਰਦਾਸ ਵਾਰ ੧ ਪਉੜੀ ੩੮।

§ਭਾਈ ਗੁਰਦਾਸ ਜੀ ਵਾਰ ੩ ਪਉੜੀ ੧੧। ||ਗਉੜੀ ਕੀ ਵਾਰ ਮਹਲਾ ੪

, ਓਅੰਕਾਰਿ ਕੀਤਾ ਪ੍ਰਭਿ ਪਸਾਰਾ । ੧

[illegible]

ਨੂੰ ਸਦਾ ਸਾਹਮਣੇ ਰਖਣ ਦੀ ਭੀ ਜ਼ਰੂਰਤ ਹੈ। ਏਸੇ ਲਈ ਇਸ ਮਾਰਗ ਦਾ ਨਾਮ ਸਿੱਖੀ ਮਾਰਗ ਰਖਿਆ।

ਜੋ ਤਾਕੇ ਮਾਰਗ ਮਹਿ ਆਏ।
ਤੇ ਕਬਹੂੰ ਨਹੀ ਪਾਪ ਮੈਤਾਏ* ॥ ੫॥

ਏਸੇ ਲਈ ਇਸ ਰਾਹ ਨੂੰ 'ਗੁਰਮਤਿ' ਭੀ ਆਖਦੇ ਹਨ। ਇਸ ਮਾਰਗ ਵਿਚ'ਗੁਰੂ' ਪਦ ਦੀ ਹੀ ਵਿਸ਼ੇਸ਼ਤਾ ਹੈ।ਅਸੀ ਇਸ ਪੁਸਤਕ ਵਿਚ ਉਸ 'ਗੁਰ ਅਵਤਾਰ ਦੀ ਸਿਖਿਆ ਤੇ ਸਿਲਸਿਲੇ' ਨੂੰ ਸਾਹਮਣੇ ਰਖਕੇ'ਪਰਤਖ ਗੁਰੂ'† ਜਾਂ'ਜੀਊਂਦੇ ਗੁਰੂ'‡ਦੀ ਖੋਜ ਕਰਦੇ ਹਾਂ; ਗੁਰਬਾਣੀ, ਸਿਖ ਇਤਹਾਸ ਤੇ ਸਿਖ ਸਾਹਿਤ੍ਯ ਦੀ ਪਰਚੋਲ ਕਰਦੇ ਹਾਂ; ਤਾਂਕੇ ਸਿਖ 'ਗੁਰ ਅਵਤਾਰ ਦੀ ਸਿਖਿਆ ਤੇ ਦੀਖਿਆ'ਦੇ ਸੋਮੇਂ ਤੋਂ ਵਰਤਮਾਨ ਸਮੇਂ ਵਿਚ ਤੇ ਸਦਾ ਲਈ ਪੂਰਾ ਪੂਰਾ ਲਾਭ ਪ੍ਰਾਪਤ ਕਰਨ।

ਗੁਰਬਾਣੀ ਦੇ ਪਠਨ ਪਾਠਨ ਤੋਂ ਪਤਾ ਲੱਗਦਾ ਹੈ,ਕਿ ਗੁਰੂ ਧਾਰਨ ਕਰਨ ਨਾਲ ਸਿਖ ਨੂੰ ਨਾਮ,ਗੁਣ, ਪ੍ਰੇਮ, ਪ੍ਰੀਤਿ, ਪ੍ਰਤੀਤ ਭਗਤੀ, ਗਿਆਨ, ਮੁਕਤੀ, (ਉਧਾਰ, ਤਰਨਾ) ਸਹਜਿ, ਮਹਲ ਤੇ ਸ਼ਾਂਤੀ ਆਦਿ ਪਦਾਰਥ ਮਿਲਦੇ ਹਨ। ਗੁਰ ਮਾਨਸ ਤੋਂ ਦੇਵਤੇ ਕਰਦਾ ਹੈ। ਨਿਗੁਰੇ ਸਿਆਣਿਆਂ ਦੀ ਚਤੁਰਾਈ ਸਿਆਣਪ ਕਿਤੇ ਕੰਮ ਨਹੀਂ ਆਉਂਦੀ। ਸਾਕਤ ਸਚੇ ਨਾਮ ਤੋਂ ਸਖਣੇ ਸਿਰ ਧੂੰਨਦੇ ਹਨ। ਇਹ ਪਰਮ ਤੱਤ ਹੈ। ਗੁਰਮੁਖਾਂ ਨੂੰ ਸੁਖ ਅਨੰਦ

---

*ਬਚਿੱਤ੍ਰ ਨਾਟਕ ਧਿਆਇ ੫।

†ਤੈਸੇ 'ਬਿਦਮਾਨ' ਜਾਨੀਐ ਨਾ ਮਹਿਮਾ ਮਹਤ, 'ਅੰਤਰੀਛ' ਪਾਛੇ ਲੋਗ ਪਛਤਾਤ ਹੈ। ੨੫੦ [ਕਬਿੱਤ ਸਵੈਯੇ ਭਾਈ ਗੁਰਦਾਸ ਜੀ

‡ ਟਿਕਾ ਦਿਤੋਸੁ ਜੀਵਦੈ [ਰਾਃ ਕੀ ਵਾਰ ਰਾਇ ਬਲਵੰਡਿ ਤਥਾਂ ਸਤੈ ਡੂਮਿ ਆਖੀ

ਮਿਲਦਾ ਹੈ ਅਤੇ ਮਨਮੁਖਾਂ ਨੂੰ ਲੋਕ ਪ੍ਰਲੋਕ ਦੇ ਧੱਕੇ। ਗੁਰਸਿੱਖੀ ਦੇ ਇਸ ਸਿੱਧਾਂਤ ਪਰਥਾਇ ਅਸੀ ਗੁਰਬਾਣੀ ਵਿਚੋਂ ਨਾਮ, ਗੁਣ, ਪ੍ਰੇਮ, ਪ੍ਰੀਤਿ, ਪ੍ਰਤੀਤ, ਭਗਤੀ, ਗਿਆਨ, ਮੁਕਤੀ, ਸਹਜੁ ਤੇ ਸ਼ਾਂਤੀ ਆਦਿ ਦੀ ਪ੍ਰਾਪਤੀ ਲਈ 'ਗੁਰੂ ਦੀ ਲੋੜ' ਹੋਣ ਦੇ ਪਰਮਾਣ ਕ੍ਰਮ ਪੂਰਬਕ ਹੇਠਾਂ ਲਿਖਦੇ ਹਾਂ:—

ਨਾਮ

ਬਿਨ ਸਤਿਗੁਰ ਕੋ ਨਾਉ ਨ ਪਾਏ,
ਪ੍ਰਭਿ ਐਸੀ ਬਣਤ ਬਣਾਈ ਹੇ ॥ ੯ ॥ [ਮਾਰੂ ਸੋਲਹੇ ਮਹਲਾ ੩

ਬਿਨੁ ਗੁਰ ਨਾਮੁ ਨ ਪਾਇਆ ਜਾਇ ॥
ਸਿਧ ਸਾਧਿਕ ਰਹੇ ਬਿਲਲਾਇ ॥ ੩ ॥ [ਮਾਝ ਮਹਲਾ ੩

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ,
ਲਖ ਕੋਟੀ ਕਰਮ ਕਮਾਉ ॥ ੨ ॥ [ਸਿਰੀ ਰਾਗੁ ਮਹਲਾ ੪

ਬਿਨੁ ਗੁਰ ਕਿਨੈ ਨ ਪਾਇਓ,
ਹਰਿ ਨਾਮੁ 'ਹਰਿ ਸਤੇ' । [ਮਾਰੂ ਵਾਰ ਮਹਲਾ ੩

ਸਤਿਗੁਰੁ ਭੇਟੇ ਤਾ ਨਾਉ ਪਾਏ,
ਹਉਮੈ ਮੋਹੁ ਚੁਕਾਇਆ । ੩ ॥ [ਸੋਰਠ ਮਹਲਾ ੩ ਘਰ ੧

ਗੁਰ ਮਿਲਿਐ, ਨਾਮੁ ਪਾਈਐ,
ਚੂਕੈ ਮੋਹ ਪਿਆਸ ॥ [ਸਿਰੀ ਰਾਗੁ ਮਹਲਾ ੩

ਬਿਨੁ ਸਤਿਗੁਰ ਨਾਮੁ ਨ ਪਾਈਐ, ਭਾਈ,
ਬਿਨੁ ਨਾਮੈ ਭਰਮੁ ਨ ਜਾਈ ॥ [ਸੋਰਠਿ ਮਹਲਾ ੧ ਤਿਤੁਕੀ

ਬਿਨੁ ਗੁਰ ਹਰਿ 'ਨਾਮੁ' ਨ ਕਿਨੈ ਪਾਇਆ, ਮੇਰੇ ਭਾਈ ॥
ਗੁਰਮੁਖਿ ਹਰਿ ਭਗਤਿ, ਹਰਿ ਆਪਿ ਲਹਾਈ ॥ ੧੩ ॥
[ਵਡਹੰਸ ਕੀ ਵਾਰ ਸਲੋਕ ਮ: ੩

[illegible]

[illegible]

ਨਾਮ ਰੰਗ

ਬਿਨੁ ਗੁਰ ਕੋਇ ਨ ਰੰਗੀਐ,
ਗੁਰਿ ਮਿਲਿਐ ਰੰਗੁ ਚੜਾਉ ॥ [ਆਸਾ ਮਹਲਾ ੩

ਗੁਣ

ਬਿਨ ਗੁਰ 'ਗੁਣ' ਨ ਜਾਪਨੀ
ਬਿਨੁ ਗੁਣ ਭਗਤਿ ਨ ਹੋਇ ॥ [ਸਿਰੀ ਰਾਗੁ ਮਹਲਾ ੩
ਬਿਨੁ ਗੁਰ 'ਅਰਥੁ' ਬੀਚਾਰੁ ਨ ਪਾਇਆ । ੨ ।
[ਗਉੜੀ ਮਹਲਾ ੧

ਮੁਰਸਦੇ 'ਹਰ ਚੀਜ਼' ਮੇ ਬਾਸ਼ਦ ਬਸੈ ॥
'ਮੁਰਸ਼ਦੇ ਕਾਮਲ' ਕੁਜਾ ਯਾਬਦ ਕਸੇ ॥੪੦੮॥
[ਜ਼ਿੰਦਗੀ ਨਾਮਾ, ਭਾਈ ਨੰਦ ਲਾਲ ਜੀ

ਨਾਨਕ ਨਿਗੁਰਿਆ 'ਗੁਣੁ' ਨਾਹੀ ਕੋਇ ॥
ਮੁਹਿ ਫੇਰਿਐ ਮੁਹੁ ਜੂਠਾ ਹੋਇ ॥ ੧ ॥ [ਸਲੋਕ ਮਹਲਾ ੧
ਸਾਰੰਗ ਕੀ ਵਾਰ ਮਹਲਾ ੪

,ਗੁਰ ਬਿਨੁ ਸਮਝ ਨ ਹੋਈ ॥ [ਰਾਮਕਲੀ ਮਹਲਾ ੧

ਪ੍ਰੇਮ

ਬਿਨੁ ਗੁਰ ਪ੍ਰੇਮੁ ਨ ਪਾਈਐ [ਸਿਰੀ ਰਾਗੁ ਮਹਲਾ ੧
ਬਿਨੁ ਗੁਰ ਪ੍ਰੇਮੁ ਨ ਲਭਈ,
ਜਨ ਵੇਖਹੁ ਮਨਿ ਨਿਰਜਾਸਿ ॥ [ਮਾਰੂ ਮਹਲਾ ੪

ਪ੍ਰੀਤੀ

ਬਿਨ ਗੁਰ ਪ੍ਰੀਤਿ ਨ ਉਪਜੈ,
ਹਉਮੈ ਮੈਲ ਨ ਜਾਇ ॥ [ਸਿਰੀ ਰਾਗੁ ਅਸਟਪਦੀਆ ਮਹਲਾ ੧

ਬਿਨੁ ਗੁਰ ਪ੍ਰੀਤਿ ਨ ਊਪਜੈ, ਭਾਈ,
ਮਨਮੁਖਿ ਦੂਜੈ ਭਾਇ ॥ [ਸੋਰਠਿ ਮਹਲਾ ੩, ਦੁਤੁਕੇ

ਪਰਤੀਤ

ਵਿਣੁ ਸਤਿਗੁਰ ਪਰਤੀਤਿ ਨ ਆਵਈ,
ਨਾਮਿ ਨ ਲਾਗੋ ਭਾਉ॥ [ਸਿਰੀ ਰਾਗੁ ਮਹਲਾ ੩ ਅਸਟਪਦੀਆ

ਭਗਤੀ

ਭਾਈ ਰੇ, ਗੁਰ ਬਿਨੁ ਭਗਤਿ ਨ ਹੋਇ ॥
ਬਿਨੁ ਗੁਰ ਭਗਤਿ ਨ ਪਾਈਐ
ਜੇ ਲੋਚੈ ਸਭੁ ਕੋਇ ॥ ੧ ॥ ਰਹਾਉ ॥ [ਸਿਰੀ ਰਾਗੁ ਮਹਲਾ ੩
ਬਿਨੁ ਗੁਰ ਪੂਰੇ ਭਗਤਿ ਨ ਹੋਇ ॥ ੧ ॥ [ਆਸਾ ਮਹਲਾ ੩
'ਗਿਆਨੀ-ਗੁਰ' ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ
ਜੇ ਲੋਚੈ ਸਭੁ ਕੋਈ ॥ ੧ ॥ ਰਹਾਉ ॥ [ਸੂਹੀ ਮਹਲਾ ੪
ਵਿਣੁ ਪ੍ਰੀਤੀ ਭਗਤਿ ਨ ਹੋਵਈ,
ਵਿਣੁ ਸਤਿਗੁਰ ਨ ਲਗੈ ਪਿਆਰੁ ॥
[ਵਾਰ ਮਲਾਰ ਕੀ ਸਲੋਕ ਮਹਲਾ ੧
ਬਿਨ ਗੁਰ ਪੂਰੇ ਭਗਤਿ ਨ ਹੋਇ ॥
ਮਨਮੁਖ ਰੁੰਨੇ ਅਪਨੀ ਪਤਿ ਖੋਇ ॥ ੧ ॥ [ਆਸਾ ਮਹਲਾ ੩
ਗੁਰ ਕੀ ਮਤਿ ਤੂੰ ਲੇਹਿ ਇਆਨੇ ॥
ਭਗਤਿ ਬਿਨਾ ਬਹੁ ਡੂਬੇ ਸਿਆਨੇ ॥ [ਸੁਖਮਨੀ ਅਸਟਪਦੀ ੧੯
ਗੁਰ 'ਸੇਵਾ' ਬਿਨੁ ਭਗਤਿ ਨ ਹੋਈ ॥ ੬ ॥
[ਪ੍ਰਭਾਤੀ ਅਸਟਪਦੀਆ, ਮਹਲਾ ੧ ਬਿਭਾਸ

ਹੋਰੁ ਕਿਤੈ ਭਗਤਿ ਨ ਹੋਵਈ,
ਬਿਨੁ ਸਤਿਗੁਰ ਕੇ 'ਉਪਦੇਸ' ॥ ੧ ॥ [ਸਿਰੀ ਰਾਗੁ ਮਹਲਾ ੧
ਮਨਮੁਖ ਭਗਤਿ ਕਰਹਿ 'ਬਿਨੁ ਸਤਿਗੁਰ'
ਵਿਣੁ ਸਤਿਗੁਰੁ ਭਗਤਿ ਨ ਹੋਈ ਰਾਮ ॥ [ਰਾਗੁ ਸੂਹੀ ਮਹਲਾ ੩

ਗਿਆਨ

ਗਿਆਨ ਕਾ ਬਧਾ ਮਨੁ ਰਹੈ,
ਗੁਰ ਬਿਨ ਗਿਆਨੁ ਨ ਹੋਇ ॥ ੫ ॥ [ਆਸਾ ਦੀ ਵਾਰ ਮਹਲਾ ੧
ਮਾਇਆ ਮੋਹੁ ਗੁਬਾਰੁ ਹੈ
ਗੁਰ ਬਿਨੁ ਗਿਆਨੁ ਨ ਹੋਈ ॥ [ਵਡਹੰਸੁ ਮਹਲਾ ੩
ਗੁਰ ਬਿਨੁ ਗਿਆਨੁ ਨ ਪਾਈਐ ॥ [ਸਿਰੀ ਰਾਗੁ ਮਹਲਾ ੧
ਗੁਰ ਤੇ ਗਿਆਨੁ ਪਾਏ ਜਨੁ ਕੋਇ ॥
ਗੁਰ ਤੇ ਬੂਝੈ ਸੀਝੈ ਸੋਇ॥ ੧ ॥ [ਗਉੜੀ ਗੁਆਰੇਰੀ ਮਹਲਾ ੩
,ਬਿਨ ਸਤਿਗੁਰ ਬੂਝ ਨ ਪਾਈ ॥ [ਮਲਾਰ ਕੀ ਵਾਰ,ਮਹਲਾ ੧
ਗੁਰ ਬਿਨੁ ਗਿਆਨ ਨ ਹੋਵਈ,
ਨ ਸੁਖ ਵਸੈ ਮਨਿ ਆਇ ॥
ਨਾਨਕ ਨਾਮ ਵਿਹੂਣੇ ਮਨਮੁਖੀ
ਜਾਸਨਿ ਜਨਮੁ ਗਵਾਇ ॥ [ਸੋਰਠਿ ਕੀ ਵਾਰ ਮਹਲਾ ੪
*ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥
ਅਨਿਕ ਪ੍ਰਕਾਰ ਫਿਰਤ ਬਿਲਲਾਤੇ,
ਮਿਲਤ ਨਹੀ ਗੋਸਾਈਐ ॥ ੧ ॥ [ਦੇਵਗੰਧਾਰੀ ਮਹਲਾ ੫
*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥ [ਸਿਰੀ ਰਾਗੁ ਮਹਲਾ੧

---

*ਤਾਂਤੇ ਮਾਈ, ਭਾਈ ਨੂੰ ਨਾਮ ਤੇ 'ਨਾਮ ਜਪਣ ਦੀ ਜੁਗਤੀ' ਲੈਣੀ ਚਾਹੀਦੀ ਹੈ ।

ਬਿਨੁ 'ਗੁਰ ਦੀਖਿਆ' ਕੈਸੇ ਗਿਆਨੁ ॥ ੫ ॥ [ਭੈਰਉ ਮਹਲਾ ੫

ਅਗਿਆਨੀ ਮਤਿ ਹੀਣੁ ਹੈ,
ਗੁਰ ਬਿਨੁ ਗਿਆਨੁ ਨ ਹੋਇ ॥ [ਰਾਮਕਲੀ ਮ: ੧ ਦਖਣੀ ਓਅੰਕਾਰ

ਬਿਨਾ ਸਤਿਗੁਰ ਬੂਝ ਨਾਹੀ,
ਤਮ ਮੋਹ ਮਹਾਂ ਅੰਧਾਰ ॥ ੨ ॥ [ਸਾਰਗ ਮਹਲਾ ੫ ਛਉਪਦੇ ਘਰੁ ੫

ਮੁਕਤੀ

ਕਹੁ ਨਾਨਕ ਪ੍ਰਭਿ ਇਹੈ ਜਨਾਈ ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪ ॥ [ਗੋਂਡ ਮਹਲਾ ੫

ਗੁਰਪੂਰੇ ਵਿਣੁ ਮੁਕਤਿ ਨ ਹੋਈ,
'ਸਚੁ ਨਾਮੁ' ਜਪਿ ਲਾਹਾ ਹੇ ॥ ੨ ॥ [ਮਾਰੂ ਮਹਲਾ ੧

ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥੪॥ [ਪ੍ਰਭਾਤੀ ਮਹਲਾ ੧

ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ? (
ਬਿਨੁ ਗੁਰ ਰਾਮ ਨਾਮ ਕਿਉ ਧਿਆਈਐ ? [ਮਾਰੂ ਮਹਲਾ ੧

ਬਿਨੁ ਗੁਰ ਮੁਕਤਿ ਨਾਹੀ ਤ੍ਰੈਲੋਈ
ਗੁਰਮੁਖਿ ਪਾਈਐ ਨਾਮੁ ਹਰੀ ॥ ੧ ॥ [ਬਸੰਤ ਹਿੰਡੋਲ ਮਹਲਾ ੧

ਮਨਮੁਖਿ 'ਪੜਹਿ' ਤੇਤਾ ਦੁਖੁ ਲਾਗੈ
ਵਿਣੁ ਸਤਿਗੁਰ ਮੁਕਤਿ ਨ ਹੋਈ ॥੧੬॥ [ਰਾਗੁ ਆਸਾ ਮਹਲਾ ੩

ਕਹੈ ਨਾਨਕੁ, 'ਵੀਚਾਰਿ' ਦੇਖਹੁ,
ਵਿਣੁ ਸਤਿਗੁਰ ਮੁਕਤਿ ਨ ਪਾਏ । ੨੨ ॥
[ਰਾਮਕਲੀ ਮ: ੩ ਅਨੰਦ

[illegible]

[illegible]

[illegible]

[illegible]

[illegible]

[illegible]

ਬਿਨੁ ਗੁਰ ਮੁਕਤਿ ਨ ਪਾਈਐ,
ਨਾ ਦੁਬਿਧਾ ਮਾਇਆ ਜਾਇ॥ [ਸਿਰੀ ਰਾਗੁ ਮਹਲਾ ੩

ਨਾਨਕ, ਮਨਮੁਖਿ ਬੰਧੁ ਹੈ,
ਗੁਰਮੁਖਿ ਮੁਕਤਿ ਕਰਾਏ ॥ ੪ ॥ ੩ ॥ [ਵਡਹੰਸੁ ਮਹਲਾ ੩
ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥ ੪ ॥
[ਮਲਾਰ, ਮਹਲਾ ੩ ਅ: ਘਰ ੨

ਗੁਰ ਭੇਟਿਆ ਹੈ ਮੁਕਤਿ ਦਾਤਾ ॥
ਹਰਿ ਕੀਈ ਹਮਾਰੀ ਸਫਲ 'ਜਾਤਾ' ॥ [ਬਿਲਾਵਲੁ ਮਹਲਾ ੪
ਗੁਰ ਬਿਨੁ ਘੋਰੁ ਅੰਧਾਰੁ,
ਗੁਰੂ ਬਿਨੁ ਮੁਕਤਿ ਨ ਪਾਵੈ ॥
ਗੁਰ ਪ੍ਰਸਾਦਿ ਪ੍ਰਭੁ ਪਾਈਐ
ਗੁਰ ਬਿਨੁ ਮੁਕਤਿ ਨ ਹੋਇ ॥ [ਸਵਈਏ ਮਹਲੇ ਚਉਥੇ ਕੇ ੪

੧ ੨ ੩
ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ,
ਸਭ ਏਕਾ ਬਾਤ ਪੁਕਾਰੀ ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ,
ਮਨਿ ਵੇਖਹੁ ਕਰਿ ਬੀਚਾਰੀ ॥ [ਗੂਜਰੀ ਮਹਲਾ ੫, ਚਉਪਦੇ ਘਰੁ ੨
ਬਿਨੁ ਗੁਰ ਪੂਰੇ ਮੁਕਤਿ ਨ ਪਾਈਐ,
ਸਾਚੀ ਦਰਗਹਿ ਸਾਕਤ ਮੂਠ ॥ ੧ ॥ [ਭੈਰਉ ਮਹਲਾ ੫
ਬਿਨੁ ਗੁਰ ਮੁਕਤਿ ਨ ਹੋਈਐ, ਮੀਤਾ ॥ ੩ ॥
[ਮਾਰੂ ਮਹਲਾ ੫, ਘਰ ੮ ਅੰਜਲੀਆ

ਬਿਨੁ ਗੁਰ ਭੇਟੈ ਮੁਕਤਿ ਨ ਕਾਹੂ
ਮਿਲਤ ਨਹੀ ਜਗਦੀਸੈ ॥ ੩ ॥ [ਸਾਰਗ ਮਹਲਾ ੫

ਉਧਾਰ

ਬਿਨੁ ਗੁਰ ਪੂਰੇ ਨਾਹੀ ਉਧਾਰੁ ॥
ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥ ੨ ॥ [ਰਾਮਕਲੀ ਮਹਲਾ ੫
ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥ ੧ ॥ [ਗੋਂਡ ਮਹਲਾ ੫
ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥
[ਦੇਵਗੰਧਾਰੀ ਮਹਲਾ ੫ ਘਰੁ ੬

ਤਰਨਾ

ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ?॥
ਹਉਮੈ ਕਰਤਾ ਭਵਜਲਿ ਪਰਿਆ ॥੧੧॥ [ਮਾਰੂ ਮਹਲਾ ੧
ਕੋਟਿ ਜਤਨਾ ਕਰਿ ਰਹੇ
ਗੁਰ ਬਿਨੁ ਤਰਿਓ ਨ ਕੋਇ ॥ ੨ ॥ [ਸਿਰੀ ਰਾਗੁ ਮਹਲਾ ੫ ਘਰ ੬
ਕਹੁ ਨਾਨਕ ਗੁਰ ਬਿਨੁ ਨਹੀ ਤਰੀਐ ॥
ਇਹੁ ਪੂਰਨ ਤਤੁ ਬੀਚਾਰਾ ॥ ੪ ॥੯ ॥ [ਸੋਰਠਿ ਮਹਲਾ੫

ਸਹਜੁ

ਗੁਰ ਬਿਨੁ ਸਹਜੁ ਨ ਊਪਜੈ, ਭਾਈ,
ਪੂਛਹੁ 'ਗਿਆਨੀਆ' ਜਾਇ ॥ ੫ ॥ [ਸੋਰਠਿ ਮਹਲਾ ੩ ਦੁਤੁਕੀ
ਬਾਝੁ ਗੁਰੂ ਕੋ ਸਹਜੁ ਨ ਪਾਏ,
ਗੁਰਮੁਖਿ ਸਹਜਿ ਸਮਾਵਣਿਆ ॥ ੧ ॥ [ਮਾਝ ਮਹਲਾ ੩
ਭਾਈ ਰੇ, ਗੁਰ ਬਿਨੁ ਸਹਜੁ ਨ ਹੋਇ ॥ [ਸਿਰੀ ਰਾਗੁ ਮਹਲਾ ੩

ਜਿਸ ਘਰ ਪਾਰ ਨ ਪਾਈਐ ਵੇਈ,
ਤਹਿੰ ਸਮਝਿਓ ਪਾਰਿ ਉਤਾਰਾ ਹੈ।੧੧।ਮਾਰੂ
ਮਹਲਾ੧
ਜਿਤ ਘਰ ਜਿਥੈ, ਤਿਤ ਪਾਰਿ ਉਤਾਰੈ।੪।
[ਭੈਰਉ ਮਹਲਾ੫

੧ਜਿਸੁ ਘਰ ਨਦਰਿ ਨ ਪਾਇਆ।੨।ਸਲੋਕ ਮਹਲਾ੧

ਜਿਸ ਘੜੀ ਤੇਰੇ ਦੇ ਦਰਸ਼ਨ ਪਾਏ
ਮਾਰਿ ਸਾਰਿ ਰਹੁ ਪਾਏ ਕਿੱਥੇ।

[illegible].

ਇਹ ਕਵਿਤਾ [illegible] 1921
ਤਰ ਸਿਆਂ ਕਾਂਤਿ ਉਪਜੈ, [illegible]

ਬਿਨੁ ਗੁਰ ਸੇਵੇ 'ਸਹਜੁ' ਨ ਹੋਵੈ ॥ ੭ ॥ [ਰਾਗੁ ਆਸਾ ਮਹਲਾ ੧

ਬਿਨੁ ਸਤਿਗੁਰ 'ਸਹਜੁ' ਕਿਨੈ ਨਹੀ ਪਾਇਆ ॥
ਗੁਰਮੁਖਿ ਬੂਝੈ ਸਚਿ ਸਮਾਇਆ ॥ ੧੫ ॥ [ਮਾਰੂ ਮਹਲਾ ੩

ਮਹਲੁ

ਬਿਨੁ ਗੁਰ 'ਮਹਲੁ' ਨ ਪਾਈਐ
ਨਾਮੁ ਨ ਪਰਾਪਤਿ ਹੋਇ ।
ਐਸਾ ਸਤਗੁਰੁ ਲੋੜਿ ਲਹੁ
ਜਿਦੂ ਪਾਈਐ ਸਚੁ ਸੋਇ ॥ [ਸਿਰੀ ਰਾਗੁ ਮਹਲਾ ੩

ਪੂਰੇ ਗੁਰ ਤੇ 'ਮਹਲੁ' ਪਾਇਆ
ਪਤਿ ਪਰਗਟੁ ਲੋਈ ॥
ਨਾਨਕ ਅਨਹਦ ਧੁਨੀ 'ਦਰਿ' ਵਜਦੇ
ਮਿਲਿਆ ਹਰਿ ਸੋਈ ॥ ੨੮ ॥ [ਸਾਰੰਗ ਕੀ ਵਾਰ ਮਹਲਾ ੪

ਬਿਨੁ ਗੁਰ 'ਮਹਲੁ' ਨ ਜਾਪਈ
ਨਾ 'ਅੰਮ੍ਰਿਤ ਫਲੁ' ਪਾਹਿ ।੨। [ਸਿਰੀ ਰਾਗੁ ਮਹਲਾ ੩

ਸ਼ਾਂਤੀ

ਬਿਨੁ ਗੁਰ 'ਸਾਂਤਿ' ਨ ਪਾਵਣਿਆ ॥ ੬ ॥ [ਮਾਝ ਮਹਲਾ ੩

'ਸਾਂਤਿ' ਪਾਈ ਗੁਰਿ ਸਤਿਗੁਰਿ ਪੂਰੇ ।
ਸੁਖ ਉਪਜੇ, ਬਾਜੇ ਅਨਹਦ ਤੂਰੇ । [ਬਿਲਾਵਲੁ ਮਹਲਾ ੫

ਅਨਦਿਨੁ ਜਲਤ ਰਹੈ ਦਿਨੁ ਰਾਤੀ
ਗੁਰ ਬਿਨੁ 'ਸਾਂਤਿ' ਨ ਹੋਈ ਹੇ ॥ ੩ ॥ [ਮਾਰੂ ਮਹਲਾ ੩

ਭਗਤ ਬਾਣੀ ਵਿਚ ਲਿਖਿਆ ਹੈ, ਕਿ ਗੁਰੂ ਬਿਨਾਂ ਦਰੁ, ਘਰੁ, ਮਹਲੁ ਦੀ 'ਵਾਟ' ਨਹੀਂ ਮਿਲਦੀ ਅਤੇ 'ਤਤ' ਗਿਆਨ ਪ੍ਰਾਪਤ ਨਹੀਂ ਹੁੰਦਾ:—

ਬਿਨੁ ਸਤਿਗੁਰ 'ਬਾਟ' ਨ ਪਾਈ॥
ਕਹੁ ਕਬੀਰ ਸਮਝਾਈ । ੩ । ੩ ॥

[ਬਸੰਤੁ ਬਾਣੀ ਭਗਤਾਂ ਕੀ ਕਬੀਰ ਜੀ ਘਰੁ ੧

ਗੁਰ ਬਿਨੁ 'ਤਤੁ' ਨ ਪਾਇਆ ॥ ੨ ॥

[ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧

ਤਦ ਅਨੁਸਾਰ ਗੁਰਬਾਣੀ ਵਿਚ ਲਿਖਿਆ ਹੈ:—

ਵਿਣੁ ਗੁਰ 'ਤਤੁ' ਨ ਪਾਇਆ ॥ [ਬਿਲਾਵਲ ਕੀ ਵਾਰ ਮਹਲਾ ੪

ਬਿਨੁ ਗੁਰ 'ਤਤੁ' ਨ ਪਾਈਐ

[ਸਲੋਕ ਮਹਲਾ ੧, ਮਾਰੂ ਕੀ ਵਾਰ ਮਹਲਾ ੩

ਨਿਗੁਰੇ ਰਹਿਣ ਦੇ ਨੁਕਸਾਨ

ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥

[ਜੈਤਸਰੀ ਕੀ ਵਾਰ ਮਹਲਾ ੫

ਜਿਨਕਉ ਗੁਰੁ ਸਤਿਗੁਰੁ ਨਹੀ ਭੇਟਿਆ
ਤੇ ਸਾਕਤ, ਮੂੜ, ਦਿਵਾਨੇ ॥

[ਗਉੜੀ ਪੂਰਬੀ ਮਲਹਾ ੪

ਗੁਰੂ ਬਿਨ ਘੋਰ ਅੰਧਾਰ ਹੈ। ਪੂਰੇ ਸੱਚੇ ਗੁਰੂ ਬਿਨਾ ਜੀਵ ਦੀ ਕਲਿਆਨ ਨਹੀਂ ਹੁੰਦੀ । ਮੋਹ ਮਾਇਆ ਜਾਲ ਦੂਰ ਨਹੀਂ ਹੁੰਦਾ। ਸੰਸਾਰ ਵਿਚ ਜੀਵ ਦੁਖ ਭੋਗਦਾ ਹੈ । ਅੰਤ ਸਮੇਂ ਜਮ ਮਾਰ ਤੇ ਨਰਕਾਂ ਦੇ ਦੁਖ ਤੋਂ ਧਾਈਂ ਮਾਰਦਾ ਤੇ ਰੋਂਦਾ ਹੈ । ਜਨਮ ਮਰਨ ਵਿਚ ਭੌਂਦਾ ਹੈ । ਬਾਰ ਬਾਰ ਗਰਭ ਵਸੇਰਾ ਮਿਲਦਾ ਹੈ ।

[illegible]

[illegible]

[illegible]

[illegible]

[illegible] [ਪ੍ਰਭਾਤੀ ਮਹਲਾ ੧.

[illegible] ਮਲਾਰ ਮਹਲਾ ੫.

[illegible]

ਸੋਰਠਿ ਮਹਲਾ ੫.

[illegible]

ਸੋਰਠਿ ਮਹਲਾ ੫

[illegible] ਮਲਾਰ ਮਹਲਾ ੧.

[illegible] ਮਾਰੂ ਮਹਲਾ ੩

[illegible]

[illegible] ਮਲਾਰ ਮਹਲਾ ੪

ਕਿਤੇ ਥਿਤ ਨਹੀਂ ਮਿਲਦੀ। ਗੁਰਬਾਣੀ ਵਿਚ ਨਿਗੁਰੇ ਰਹਿਣ ਦੇ ਨੁਕਸਾਨ ਇਸ ਪਰਕਾਰ ਵਰਨਨ ਕੀਤੇ ਹਨ:—

ਬਿਨੁ ਗੁਰ ਭਰਮੈ ਆਵੈ ਜਾਇ ।
ਬਿਨੁ ਗੁਰ ਘਾਲ ਨ ਪਵਈ ਥਾਇ ॥
ਬਿਨੁ ਗੁਰ ਮਨੂਆ ਅਤਿ ਡੋਲਾਇ ॥
ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥
ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥
ਨਾਨਕ, ਗੁਰ ਬਿਨੁ ਘਾਟੇ ਘਾਟ ॥ ੩੮ ॥ [ਰਾਮਕਲੀ ਮਹਲਾ ੧

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥
ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥
ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥
ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥
ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥ ੭੦ ॥
[ਰਾਮਕਲੀ ਮਹਲਾ ੧

ਬਿਨ ਗੁਰ ਬਾਜੀ ਹਾਰੀ। [ਗੁਜਰੀ ਮਹਲਾ ੫
ਬਿਨ ਗੁਰ ਗਰਬ ਨ ਜਾਈ ॥ ੨ ॥ [ਗੁਜਰੀ ਮਹਲਾ ੧
ਬਾਝੁ ਗੁਰੂ ਡੁਬਾ ਸੰਸਾਰ । ੨ ॥ [ਵਾਰ ਮਾਝ ਮਹਲਾ ੧
ਸਾਕਤ ਨਰ ਸਤਿਗੁਰੁ ਨਹੀ ਕੀਆ
ਤੇ ਬੇਮੁਖ ਹਰਿ ਭਰਮਾਵੈਗੋ ॥ [ਕਾਨੜਾ ਮਹਲਾ ੪
ਬਾਝੁ ਗੁਰੂ ਫਿਰੈ ਬਿਲਲਾਦੀ
ਦੂਜੈ ਭਾਇ ਖੁਆਏ ॥ ੧੧ ॥ [ਗੂਜਰੀ ਵਾਰ ਮਹਲਾ ੩

ਭਾਈ ਗੁਰਦਾਸ ਜੀ ਨਿਗੁਰੇ ਦੀ ਦੁਰਦਸ਼ਾ ਇਸ ਪਰਕਾਰ ਵਰਨਨ ਕਰਦੇ ਹਨ:—

ਗੁਰ ਪੂਰੇ ਬਿਨ ਅੰਤ ਖੁਆਰੀ। [ਵਾਰ ੮, ਪਉੜੀ ੧੫
ਗੁਰ ਪੂਰੇ ਵਿਣ ਆਵਣ ਜਾਣੇ। [ਵਾਰ ੮, ਪਉੜੀ ੧੮
ਗੁਰ ਪੂਰੇ ਬਿਣ ਜੂਨਿ ਭਵੰਦਾ। [ਵਾਰ ੧੫, ਪਉੜੀ ੪
ਗੁਰੁ ਪੂਰੇ ਵਿਣ ਰੋਵਣ ਧਾਹੀਂ। [ਵਾਰ ੧੫, ਪਉੜੀ ੬
ਗੁਰ ਪੂਰੇ ਵਿਣ ਦੁਖ ਸੈਂਸਾਰੇ। [ਵਾਰ ੧੫, ਪਉੜੀ ੮
ਗੁਰੁ ਪੂਰੇ ਵਿਣ ਭਰਮ ਨ ਜਾਏ। [ਵਾਰ ੧੫, ਪਉੜੀ ੧੧
ਗੁਰੁ ਪੂਰੇ ਵਿਣ ਹਰਿ ਨ ਪਰੱਚੇ। [ਵਾਰ ੧੫, ਪਉੜੀ ੧੨
ਗੁਰ ਪੂਰੇ ਵਿਣ ਡਾਂਗ ਡਗੁਸੇ। [ਵਾਰ ੧੫, ਪਉੜੀ ੧੩
ਗੁਰ ਪੂਰੇ ਵਿਣ ਜਮਪੁਰ ਜਾਏ। [ਵਾਰ ੧੫, ਪਉੜੀ ੧੪
ਗੁਰ ਪੂਰੇ ਵਿਣ ਮੋਹਯਾ ਮਾਯਾ। [ਵਾਰ ੧੫, ਪਉੜੀ ੧੮
ਗੁਰੁ ਪੂਰੇ ਵਿਣ ਗਰਭ ਵਸੇਰੇ। [ਵਾਰ ੧੫, ਪਉੜੀ ੧੯

ਉਪਰ ਲਿਖੇ ਵੰਨਗੀ ਮਾਤ੍ਰ ਪਰਮਾਨਾਂ ਤੋਂ ਸਪਸ਼ਟ ਸਿਧ ਹੈ, ਕਿ ਜੀਵ ਨੂੰ ਅਪਨੇ ਉਧਾਰ ਲਈ ਗੁਰ ਧਾਰਨ ਕਰਨ ਦੀ ਕਿੱਡੀ ਲੋੜ ਹੈ। ਗੁਰੂ ਪੂਰਾ ਹੋਵੇ ਤਾਂ ਹੀ ਸਿਖ ਦੀ ਸਚਖੰਡ ਜਾਂ ਨਿਰੰਕਾਰ ਦੇ ਦੇਸ ਵਿਚ ਗਤੀ ਹੁੰਦੀ ਹੈ। ਆਨੰਦ ਪੁਰੀ ਜਾਂ ਬੇਗਮਪੁਰ ਵਿਚ ਵਾਸਾ ਮਿਲਦਾ ਹੈ। ਕੱਚੇ ਗੁਰੂ ਤੋਂ ਮੁਕਤੀ ਨਹੀਂ ਮਿਲਦੀ। ਨੰਗਾ ਭੁਖਾ ਹੋਰਨਾਂ ਨੂੰ ਕੀ ਦੇ ਸਕਦਾ ਹੈ। ਆਪ ਡੁਬਦਾ ਦੂਜੇ ਨੂੰ ਕੀ ਤਾਰ ਸਕਦਾ ਹੈ। ਅਗਿਆਨੀ ਅੰਧਾ ਆਗੂ ਸਤਿ ਮਾਰਗ ਤੇ ਨਹੀਂ ਤੋਰ ਸਕਦਾ। ਗੁਰੂ ਧਾਰਨ ਕਰਨ ਦੀ ਇਸ ਲੋੜ ਨੂੰ ਧਿਆਨ ਰਖਦੇ ਹੋਏ, ਅਸੀਂ ਗੁਰਬਾਣੀ ਦੀ ਖੋਜ ਕਰਦੇ ਹਾਂ, ਕਿ ਗੁਰਬਾਣੀ, ਧੁਰ ਦੀ ਬਾਣੀ, ਪੱਕੀ ਬਾਣੀ, ਖਸਮ ਦੀ ਬਾਣੀ,

ਬਾਣੀਆਂ ਸਿਰ ਬਾਣੀ, ਉਤਮ ਤੇ ਅੰਮ੍ਰਿਤ ਬਾਣੀ, ਸੱਚੀ ਤੇ ਸੁਖਦਾਈ ਬਾਣੀ, ਕੋਮਲ ਬਾਣੀ ਤੇ ਅਬਗਤਿ ਭਗਤ ਬਾਣੀ ਅਤੇ ਪਰਮਾਣੀਕ ਭਟ੍ਟਬਾਣੀ ਵਿਚ ਕਿਸ ਕਿਸ ਨੂੰ ਗੁਰੂ ਮੰਨਿਆ ਹੈ । ਸਿਖ ਇਤਹਾਸ ਅਤੇ ਸਿਖ ਸੰਪਰਦਾਇ ਵਿਚ, ਗੁਰਿਆਈ ਜਾਂ ਗੁਰ ਗੱਦੀ ਦੇ ਪ੍ਰਸੰਗਾਂ ਅਤੇ ਸਿੱਧਾਂਤ ਤੇ ਭੀ ਵੀਚਾਰ ਕਰਦੇ ਹਾਂ, ਅਤੇ ਖੋਜ ਕਰਦੇ ਹਾਂ, ਕਿ ਕੌਣ ੨ ਗੁਰੂ ਪਰਤੱਖ ਹੈ, ਤੇ ਕੌਣ ੨ ਗੁਰੂ ਗੁਪਤ ਹੈ।



ਅਧਯਾਇ ਦੂਜਾ

ਅਕਾਲ ਗੁਰੂ

ਜੁਗ ਚਾਰੇ ਸਾਚਾ ਏਕੋ ਵਰਤੈ
ਬਿਨੁ ਗੁਰ ਕਿਨੈ ਨ ਪਾਇਆ ।

[ਸੂਹੀ ਮਹਲਾ ੩

ਗੁਰਬਾਣੀ ਦੀ ਵੀਚਾਰ ਕਰਨ ਤੋਂ ਪਤਾ ਲੱਗਦਾ ਹੈ ਕਿ 'ਅਕਾਲ' ਸਭ ਸੰਸਾਰ ਦਾ ਸਾਂਝਾ ਸਾਹਿਬ ਪ੍ਰਿਥਮ ਗੁਰੂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ 'ਬਚਿੱਤ੍ਰ ਨਾਟਕ' ਗ੍ਰੰਥ ਅੰਤਰਗਤ ਦੂਜੇ 'ਰੁੱਦ੍ਰ ਅਵਤਾਰ' ਜਾਂ 'ਦੱਤਾ ਤ੍ਰੇ ਅਵਤਾਰ' ਵਿਚ ਲਿਖਦੇ ਹਨ, ਕਿ 'ਦੱਤ' ਨੇ 'ਅਕਾਲ' ਪਹਿਲਾ ਗੁਰੂ ਧਾਰਨ ਕੀਤਾ:—

ਪ੍ਰਿਥਮ 'ਅਕਾਲ' ਗੁਰੂ ਕੀਓ ਜਿਹ ਕੋ ਕਬੈ ਨਹੀ ਨਾਸ ।
ਜੱਤ੍ਰ ਤੱਤ੍ਰ ਦਿਸਾ ਵਿਸਾ ਜਿਹ ਸਰਬ ਠਉਰ ਨਿਵਾਸ ।
ਅੰਡਜ ਜੇਰਜ ਸੇਤਜ ਉਤਭੁਜ ਕੀਨ ਜਾਸ ਪਸਾਰ ।
ਤਾਹਿ ਜਾਨ 'ਗੁਰੂ ਕੀਯੋ' ਮਨ ਸੱਤ 'ਦੱਤ' ਸੁਧਾਰ । ੧੧੬ ।

[ਪਾਤਸ਼ਾਹੀ ੧੦, ਇਤਿ ਅਕਾਲ ਗੁਰ ਪ੍ਰਥਮ ਸਮਾਪਤਿ । ੧ ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭੀ ਅਪਰੰਪਰ ਪਾਰਬ੍ਰਹਮ ਪਰਮੇਸਰ ਗੁਰੂ ਮਿਲਿਆ। ਪਹਲੇ ਮਹਿਲੇ* ਦੀ ਬਾਣੀ ਤੇ ਜਨਮ ਸਾਖੀ ਵਿਚ ਇਸ ਪ੍ਰਕਾਰ ਲਿਖਿਆ ਹੈ:—

---

*ਜੋ ਲੋਕ ਸ੍ਰੀ ਮੁਖਵਾਕ ਨਹੀਂ ਮੰਨਦੇ, ਤੇ ਉਸਤੋਂ ਉਲਟ ਆਖਦੇ ਹਨ ਉਹ ਮਨਮੁਖ ਆਕੀ ਹਨ ।

ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ 'ਗੁਰ ਮਿਲਿਆ' ਸੋਈ ਜੀਉ ।੫। [ਸੋਰਠਿ ਮਹਲਾ ੧

'ਏਕੰਕਾਰ' ਗੁਰੂ ਸਿਰ ਮੇਰੇ
ਕਹਿ ਨਾਨਕ, ਸੁਣ ਗੋਪੀ ਚੰਦਾ ।

[ਸਾਖੀ ੧੧੩, ਪੰਨਾ ੨੧੨, ਗਾ: ਸ: ਪੰਨਾ ੩੭੧

ਤੈਸੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ 'ਅਕਾਲ ਗੁਰੂ' ਮੰਨਦੇ ਹਨ:—

ਆਦਿ ਅੰਤ ਏਕੋ ਅਵਤਾਰਾ।
ਸੋਈ ਗੁਰ ਸਮਝਿਯੋ 'ਹਮਾਰਾ' । ੩੮੫ ।

[ਪਾਤਸ਼ਾਹੀ ੧੦, ਪਖਿਆਨ ਚਰਿਤ੍ਰ ੪੦੪

ਕੋਟਕ ਇੰਦ੍ਰ ਕਰੇ ਜਹਕੇ
ਕਈ ਕੋਟਿ ਉਪਿੰਦ੍ਰ ਬਨਾਇ ਖਪਾਯੋ॥
ਦਾਨਵ ਦੇਵ ਫਨਿੰਦ ਧਰਾਧਰ
ਪੱਛ ਪਸੂ ਨਹਿ ਜਾਤਿ ਗਨਾਯੋ ॥
ਆਜ ਲਗੇ ਤਪੁ ਸਾਧਤ ਹੈ
ਸਿਵ ਊ ਬ੍ਰਹਮਾ ਕਛੁ ਪਾਰ ਨ ਪਾਯੋ ॥
ਬੇਦ ਕਤੇਬ ਨ ਭੇਦ ਲਖਿਯੋ ਜਿਹ
'ਸੋਊ ਗੁਰੂ' ਗੁਰ ਮੋਹ ਬਤਾਯੋ ॥ ੧੭ ॥

[ਸਵੈਯਾ ਜਾਗਤ ਜੋਤਿ ਸ੍ਰੀ ਮੁਖਵਾਕ ਪਾਤਸ਼ਾਹੀ ੧੦

ਪਰ ਓਹ 'ਅਕਾਲ ਗੁਰੂ' ਸਾਂਝਾ ਤੇ ਗੁਪਤ ਹੈ । ਨਿਸਤਾਰਾ 'ਪਰਤਖੁ ਗੁਰੂ' ਕਰਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ:—

ਗੁ ਤੂ ਤੇਜ਼ ੫੦੦੨੦ ਸਾਂ

ਇਕ ਸਾਂਝਾ

ਤੂੰ 'ਸਾਝਾ' ਸਾਹਿਬੁ ਬਾਪੁ ਹਮਾਰਾ ॥ ੨ ॥ [ਮਾਝ ਮਹਲਾ ੫

ਸਭਨਾ ਸਾਹਿਬ ਏਕੁ ਹੈ

[ਰਾਮਕਲੀ ਕੀ ਵਾਰ ਤੇ ਸਾਰੰਗ ਕੀ ਵਾਰ ਸਲੋਕ ਮਹਲਾ ੨

ਸਭਨ੍ਹਾ ਕਾ ਸਾਹਿਬੁ ਏਕੁ ਹੈ
ਗੁਰ ਸਬਦੀ ਰਚਾ ॥ [ਮਾਰੂ ਕੀ ਵਾਰ ਮਹਲਾ ੫

ਸਭਨਾ ਸਾਹਿਬੁ ਏਕੁ ਹੈ,
ਪੂਰੈ ਭਾਗਿ ਪਾਇਆ ਜਾਈ ॥੧੧ ॥ [ਰਾਮਕਲੀ ਕੀ ਵਾਰ ਮਹਲਾ ੩

ਗੁਪਤ

ਬਿਨਾ ਸਤਿਗੁਰ ਬੂਝ ਨਾਹੀ
ਤਮ ਮੋਹ ਮਹਾਂ ਅੰਧਾਰ ॥ ੨ ॥... ...
ਗੋਬਿੰਦ 'ਗੁਪਤ' ਹੋਇ ਰਹਿਓ ਨਿਆਰੋ,
ਮਾਤੰਗ ਮਤਿ ਅਹੰਕਾਰ । ੩॥ [ਸਾਰੰਗ ਮਹਲਾ ੫, ਚਉਪਦੇ ਘਰ ੫

ਸਭ ਮਹਿ 'ਗੁਪਤੁ' ਵਰਤਦਾ
ਗੁਰਮੁਖਿ ਪ੍ਰਗਟਾਇਆ ॥ [ਰਾਮਕਲੀ ਕੀ ਵਾਰ, ਮਹਲਾ ੩

ਨਾਨਕ 'ਗੁਪਤ' ਵਰਤਦਾ ਪਿਆਰਾ,
ਗੁਰਮੁਖਿ ਪਰਗਟ ਹੋਇ ॥ ੪ ॥ ੨ ॥ [ਸੋਰਠਿ ਮਹਲਾ ੪

ਆਪੇ 'ਗੁਪਤੁ' ਵਰਤਦਾ
ਆਪੇ ਹੀ ਜਾਹਰਿ ॥ [ਬਿਹਾਗੜੇ ਕੀ ਵਾਰ ਮਹਲਾ ੪

ਆਪੇ ਹੋਵਹਿ 'ਗੁਪਤੁ'
ਆਪੇ ਪਰਗਟੀਐ ॥ [ਰਾਮਕਲੀ ਕੀ ਵਾਰ ਮਹਲਾ ੫

ਸੋਈ 'ਗੁਪਤੁ' ਸੋਈ ਆਕਾਰੁ ॥ ੨ ॥ [ਆਸਾ ਮਹਲਾ ੫

[illegible] ਦੇਵ ਹੈ
ਉਹ ਜਾਣਿ ਜਾਣਦਾ ਹੈ। [illegible]

[illegible] ਤੇਰਾ ਦਾ ਜਾਣਿਆ ਦੇਵਾ। [illegible]

[illegible] ਰੂਪ, ਤੇਰੇ ਦੇਵੀ,
[illegible] ਰੂਪ [illegible] ਜਗ। [illegible]

ਅਤੇ ਓਹੀ ਗੁਪਤ ਤੇ ਸਾਂਝਾ ਅਕਾਲ ਗੁਰੂ 'ਸੁਰ-ਅਸੁਰ' ਜੁਧ ਦਾ ਤਮਾਸ਼ਾ ਵੇਖਦਾ ਹੈ:—

ਆਦਿ ਅਪਾਰ ਅਲੇਖ ਅਨੰਤ
'ਅਕਾਲ' ਅਭੇਖ ਅਲੱਖ ਅਨਾਸਾ
ਕੈ ਸਿਵ ਸਕਤ ਦਏ ਸ੍ਰੁਤਿ ਚਾਰ
ਰਜੋ,ਤਮ,ਸੱਤ, ਤਿਹੂੰ ਪੁਰ ਬਾਸਾ।
ਦਿਊਸ ਨਿਸਾ ਸਸਿ ਸੂਰ ਕੈ ਦੀਪ
ਸੁ ਸ੍ਰਿਸਟਿ ਰਚੀ ਪੰਚ ਤਤ ਪ੍ਰਕਾਸ਼ਾ।
ਬੈਰ ਬਢਾਇ ਲਰਾਇ 'ਸੁਰਾਸੁਰ'
ਆਪਹਿ ਦੇਖਤ ਬੈਠ ਤਮਾਸਾ ॥ ੧ ॥

[ਪਾਤਸ਼ਾਹੀ ੧੦ ਬਚਿੱਤ੍ਰ ਨਾਟਕ, ਚੰਡੀ ਚਰਿਤ੍ਰ ਉਕਤਿ ਬਿਲਾਸ

ਪਪੈ ਪਾਤਿਸਾਹੁ ਪਰਮੇਸਰੁ
ਵੇਖਣ ਕਉ ਪਰਪੰਚੁ ਕੀਆ।
ਦੇਖੈ ਬੂਝੈ ਸਭੁ ਕਿਛੁ ਜਾਣੈ
ਅੰਤਰਿ ਬਾਹਰਿ ਰਵਿ ਰਹਿਆ ॥ ੨੪ ॥

[ਰਾਗ ਆਸਾ ਮਹਲਾ ੧ ਪੱਟੀ ਲਿਖੀ

ਓਸੇ 'ਅਕਾਲ ਗੁਰੂ' ਦੇ ਹੁਕਮ ਵਿਚ ਸ੍ਰਿਸ਼ਟੀ ਉਤਪਤੀ ਹੁੰਦੀ ਹੈ ਅਤੇ ਹੁਕਮ ਵਿਚ ਹੀ ਜੀਵ ਹੁੰਦੇ ਹਨ:—

ਹੁਕਮੀ ਹੋਵਨਿ ਆਕਾਰ
ਹੁਕਮੀ ਹੋਵਨਿ ਜੀਅ ॥੨॥ [ਜਪੁ ਨੀਸਾਣ

ਪਰ ਓਹੀ 'ਅਕਾਲ' *'ਅਕਾਲ ਮੂਰਤਿ' 'ਗੁਰ ਅਵਤਾਰ' ਹੋਕੇ

---

*ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥ [ਸਾਰੰਗ ਮਹਲਾ ੫ ਨਿਰੰਕਾਰ ਆਕਾਰ ਕਰ, ਗੁਰ ਮੂਰਤਿ ਹੁਇ ਧਿਆਨ ਧਰਾਯਾ। (ਭਾਈ ਗੁਰਦਾਸ ਜੀ ਵਾਰ ੧੮, ਪਉੜੀ ੧੪)

ਸਿਖ ਨੂੰ ਦਰੁ ਘਰੁ ਮਹਲੁ ਦੀ ਵਾਟ ਦਸਦਾ ਹੈ।'ਨਿਜ ਘਰ'ਵਾਸਾ ਦੇਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ:—

ਸਤਿਗੁਰ ਬਾਝ ਨ ਬੁੱਝੀਐ
ਜਿੱਚਰ ਧਰੇ ਨ 'ਗੁਰ ਅਵਤਾਰਾ' ॥ [ਵਾਰ ੧, ਪਉੜੀ ੧੭

ਜਦਤਕ ਕੁਲ ਕਰਤਾਰ ਗੁਰ ਅਵਤਾਰ ਹੋਕੇ ਜੀਵ ਦਾ ਉਧਾਰ ਨਹੀ ਕਰਦਾ ਤਦਤਕ ਭਰਮ ਠਗੌਰੀ ਨਹੀਂ ਮਿਟਦੀ। ਇਸ ਲਈ 'ਗੁਰਅਵਤਾਰ ਸਿੱਧਾਂਤ'ਦੀ ਮਹਾਨਤਾ ਹੈ।ਏਹ ਸਿੱਧਾਂਤ ਅਟਲ ਹੈ।



ਅਧਜਾਇ ਤੀਜਾ

ਗੁਰ ਅਵਤਾਰ

ਸ੍ਰੀ ਗੁਰੂ ਨਾਨਕ ਦੇਵ ਜੀ

ਆਪਿ ਅਕਾਰੁ ਆਪਿ ਨਿਰੰਕਾਰੁ॥ ੩ ॥
[ਗੋਂਡ ਮਹਲਾ ੫

ਮੇਦਨੀ ਤੇ ਧਰਮ ਦੀ ਪੁਕਾਰ ਸੁਨਕੇ 'ਅਕਾਲ ਗੁਰੂ' ਨੇ 'ਗੁਰੁ ਨਾਨਕ' 'ਗੁਰੁ ਅਵਤਾਰ' ਧਾਰਿਆ। ਨਿਰਗੁਨ ਨਿਰੰਕਾਰ ਸਰਗੁਨ ਆਕਾਰ ਹੋਇਆ। ਗੁਰਬਾਣੀ ਤੇ ਵਾਰਾਂ ਭਾਈ ਗੁਰਦਾਸ ਜੀ ਵਿਚ ਲਿਖਿਆ ਹੈ:—

ਕਲਮਲਿ ਹੋਈ 'ਮੇਦਨੀ'
'ਅਰਦਾਸਿ' ਕਰੇ ਲਿਵ ਲਾਇ ॥
ਸਚੈ ਸੁਣਿਆ ਕੰਨੁ ਦੇ
'ਧੀਰਕ' ਦੇਵੈ ਸਹਜਿ ਸੁਭਾਇ॥ [ਮਹਲਾ ੩, ਵਾਰ ਮਲਾਰ ਮਹਲਾ ੧
ਧਰਮ ਧੌਲ ਪੁਕਾਰੈ ਤਲੈ ਖੜੋਆ ॥ [ਵਾਰ ੧੫ ਪਉੜੀ ੨੨
ਸੁਣੀ ਪੁਕਾਰ ਦਾਤਾਰ ਪ੍ਰਭੁ
ਗੁਰ ਨਾਨਕ ਜਗ ਮਾਹਿ ਪਠਾਯ ॥ [ਵਾਰ ੧ ਪਉੜੀ ੨੩

ਆਕਾਸ਼ ਵਿਚ ਚੰਦ੍ਰਮਾ ਇਕ ਹੈ, ਪਰ ਪਾਣੀ ਨਾਲ ਭਰੇ ਹੋਏ ਨਾਨਾ ਘਟਾਂ ਵਿਚ ਅਨੇਕ ਰੂਪ ਹੋਕੇ ਭਾਸਦਾ ਹੈ। ਗੁਪਤ ਅਲੇਪ ਨਿਰੰ-ਕਾਰ ਨੇ ਪਰਗਟ ਜਾਹਿਰ ਨਾਨਕ ਨਿਰੰਕਾਰੀ ਰੂਪ ਧਾਰਨ ਕੀਤਾ। ਪਰਮਜੋਤਿ ਅਵਿਜਕਤ ਤੋਂ ਅਭਿਵਿਜਕਤ ਹੋਈ। ਭਾਈ ਗੁਰਦਾਸ ਜੀ ਕਬਿੱਤ ਸਵੈਯਾਂ ਵਿੱਚ ਲਿਖਦੇ ਹਨ.—

ਦੋਹਰਾ ॥

ਏਕ ਅਨੇਕ ਬਿਬੇਕ ਸਸਿ ਘਟ ਘਟ ਕਾ ਪਰਵੇਸ ॥੨॥

ਸੋਰਠਾ

ਸਤਿਗੁਰ ਨਾਨਕ ਦੇਵ ਪਾਰਬ੍ਰਹਮ ਪੂਰਨ ਬ੍ਰਹਮ ॥ ੪ ॥

ਏਹ ਵਸ਼ੇਸ਼ ਵਿਜਕਤੀ ਵਾਲਾ ਮਹਾਂ ਪੁਰਖ 'ਅਕਾਲਿ ਮੂਰਤਿ' 'ਗੁਰ ਅਵਤਾਰ' ਸਿਖੀ ਮਾਰਗ ਦਾ 'ਆਦਿ ਗੁਰੂ' ਹੋਇਆ। ਏਹ ਸਿੱਖਾਂ ਨੂੰ ਨਾਮ, ਗੁਣ, ਪ੍ਰੇਮ, ਪ੍ਰੀਤ, ਪ੍ਰਤੀਤ, ਭਗਤੀ, ਗਿਆਨ, ਮੁਕਤੀ, ਸਹਿਜ, ਮਹਲ, ਤੇ ਸਾਂਤੀ ਆਦਿ ਦਾਤਾ ਸਤਿਗੁਰੁ ਹੈ। ਏਹ ਕਲਿਤਾਰਕ ਪਰਤਖੁ ਗੁਰੂ ਮਾਣਸ ਮੂਰਤਿ ਨਾਨਕ ਨਾਮ ਹੋਇਆ। ਸਤਿਗੁਰ ਨਾਨਕ ਦੇਵ ਗੁਰਾਂ ਗੁਰ ਹਇਆ।

ਅਕਾਲ ਗੁਰੂ
ਤੇ
ਗੁਰੁ ਅਵਤਾਰ ਅਭੇਦਤਾ

ਗੁਰਬਾਣੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਕਾਲ ਗੁਰੂ ਤੇ ਗੁਰ ਅਵਤਾਰ 'ਇੱਕ ਜੋਤ' ਤੇ 'ਇਕ ਰੂਪ' ਅਭੇਦ ਲਿਖੇ ਹਨ:—

ਜੋਤਿ ਰੂਪਿ ਹਰਿ ਆਪਿ
ਗੁਰੂ ਨਾਨਕੁ ਕਹਾਯਉ ॥ ੧ ॥ [ਸਵਈਏ ਮਹਲੇ ਪੰਜਵੇਂ ਕੇ ੫

ਨਾਨਕ ਸੋਧੇ ਸਿੰਮ੍ਰਿਤਿ ਬੇਦ।
ਪਾਰਬ੍ਰਹਮ ਗੁਰ ਨਾਹੀ ਭੇਦ ॥ ੪ ॥ [ਭੈਰਉ ਮਹਲਾ ੫

ਪਾਰਬ੍ਰਹਮੁ ਪਰਮੇਸਰ ਅਨੂਪ।
ਸਫਲ 'ਮੂਰਤਿ ਗੁਰੁ' ਤਿਸਕਾ ਰੂਪੁ ॥ ੨ ॥ [ਭੈਰਉ ਮਹਲਾ ੫

ਗੁਰੁ ਗੋਵਿੰਦੁ, ਗੋਵਿੰਦੁ ਗੁਰੂ ਹੈ'

ਨਾਨਕ ਭੇਦੁ ਨ ਭਾਈ ॥ ੪ ॥ [ਆਸਾ ਮਹਲਾ ੪

ਹਰਿ, 'ਹਰਿ ਜਨੁ' ਇਕ ਸਮਾਨਿ । [ਸੋਰਠਿ ਕੀ ਵਾਰ ਮਹਲਾ ੪

ਭਾਈ ਗੁਰਦਾਸ ਜੀ ਲਿਖਦੇ ਹਨ:—

ਸਤਿਗੁਰੂ ਨਾਨਕ ਦੇਉ ਹੈ
ਪਰਮੇਸਰ ਸੋਈ । [ਵਾਰ ੩੮, ਪਉੜੀ ੨੦

ਨਾਦੀ ਸੰਤਾਨ ਗੁਰੂ

ਸ੍ਰੀ ਗੁਰੂ ਅੰਗਦ ਦੇਵ ਜੀ

ਗੁਰੂ ਸਿਖੁ, ਸਿਖੁ ਗੁਰੂ ਹੈ,
(ਆਸਾ ਛੰਤ ਮਹਲਾ ੪

ਗੁਰਬਾਣੀ ਵਿਚ ਲਿਖਿਆ ਹੈ:—

ਧੰਨੁ ਸੁ 'ਮਾਣਸ ਦੇਹੀ' ਪਾਈ
ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥ [ਆਸਾ ਮਹਲਾ ੫

ਭਾਈ ਗੁਰਦਾਸ ਜੀ ਲਿਖਦੇ ਹਨ:—

ਮਾਨਸ ਜਨਮ ਦੁਲੰਭ ਹੈ
ਸਫਲ ਜਨਮ 'ਗੁਰ ਸਰਣ' ਉਧਾਰੇ ॥ [ਵਾਰ ੪, ਪਉੜੀ ੧

ਉਤਮ ਜਨਮ ਮਾਣਸ ਦੇਹੀ ਹੈ। ਏਸੇ ਲਈ ਮਨੁਖ ਦੇਹ ਨੂੰ ਦੇਵਤੇ ਭੀ ਲੋਚਦੇ ਹਨ। ਪਰਤਖ ਮਾਣਸ ਦੇਹ ਧਾਰੀ ਸਤਿਗੁਰੂ ਨਾਨਕ ਦੇਵ ਜੀਦੀ ਪਰਮ ਜੋਤਿ ਨਾਲ ਮਿਲਕੇ ਭਾਈ ਲਹਣੇ ਜੀ ਦਾ ਦੀਪ ਜਗਿਆ। ਬਾਬਾਣੀ ਪੀੜ੍ਹੀ ਚੱਲੀ। ਗੁਰ ਚੇਲੇ ਪਰਚਾ ਪਰਚਾਇਆ। ਸਤਿਗੁਰ ਨਾਨਕ ਦੇਵ ਜੀ ਨੇ 'ਜੀਊਂਦੇ ਜੀ' ਗੁਰਿਆਈ ਦਾ ਟਿਕਾ ਤੇ ਛਤ੍ਰ ਭਾਈ ਲਹਿਣੇ ਜੀ ਨੂੰ ਦਿੱਤਾ। ਗੁਰੂ ਅੰਗ ਤੋਂ ਗੁਰੂ ਅੰਗਦ ਥਾਪਿਆ। ਸਿਖ ਸੰਪ੍ਰਦਾਇ ਵਿਚ ਇਸ ਸਿਲਸਿਲੇ (ਗੁਰੂ ਲੜੀ) ਨੂੰ ਨਾਦੀ

ਮੰਨਦਾਨ ਗੁਰੂ ਆਖਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਅੰਗਦਦੇਵ ਜੀ ਦੇ ਗੁਰੂ ਹੋਣਦੇ ਏਹ ਪ੍ਰਮਾਨ ਮਿਲਦੇ ਹਨ:-

ਨਾਨਕਿ 'ਰਾਜੁ' ਚਲਾਇਆ ... ...
ਲਹਣੇ ਧਰਿਓਨ 'ਛਤੁ' ਸਿਰਿ .. ..
ਸਹਿ 'ਟਿਕਾ' ਦਿਤੋਸੁ 'ਜੀਵਦੈ' ॥ ੧ ॥
ਲਹਣੇ ਦੀ ਫੇਰਾਈਐ, ਨਾਨਕਾ ਦੋਹੀ ਖਟੀਐ ॥
ਮਲਿ 'ਤਖਤੁ' ਬੈਠਾ, ਗੁਰ ਹਟੀਐ । ੨ ॥
ਗੁਰ ਅੰਗਦ ਦੀ ਦੋਹੀ ਫਿਰੀ ।... ... ...
ਸਿਖਾਂ 'ਪੁਤ੍ਰਾਂ' ਘੋਖਿਕੈ, ...
ਜਾਂ ਸੁਧੋਸੁ ਤਾਂ ਲਹਣਾ ਟਿਕਿਓਨ ॥ ੪ ॥*

[ਰਾਮਕਲੀ ਕੀ ਵਾਰ, ਰਾਇ ਬਲਵੰਡ ਤਥਾ ਸਤੈ ਡੂਮਿ ਆਖੀ

ਪਰਸਾਦਿ 'ਨਾਨਕ ਗੁਰੂ'
ਅੰਗਦ ਪਰਮ ਪਦਵੀ ਪਾਵਹੇ ॥ [ਰਾਮਕਲੀ ਸਦੁ
ਤਿਤੁ ਨਾਮਿ ਰਸਿਕੁ ਨਾਨਕੁ
'ਲਹਣਾ' ਥਪਿਓ, ਜੇਨ ਸ੍ਰਬ ਸਿਧੀ ॥ [ਸਵਈਏ ਮਹਲੇ ਤੀਜੇ ਕੇ ੩
ਤਿਨਿ 'ਲਹਣਾ' ਥਾਪਿ ਜੋਤਿ ਜਗਿ ਧਾਰੀ ॥
'ਲਹਣੈ' ਪੰਥੁ ਧਰਮ ਕਾ ਕੀਆ ॥ [ਸਵਈਏ ਮਹਲੇ ਚਉਥੇ ਕੇ ੪

ਭਾਈ ਗੁਰਦਾਸ ਜੀ ਲਿਖਦੇ ਹਨ:—

ਥਾਪਿਆ 'ਲਹਿਣਾ' 'ਜੀਂਵਦੇ'
'ਗੁਰਿਆਈ' ਸਿਰ 'ਛਤ੍ਰ' ਫਿਰਾਯਾ ॥ [ਵਾਰ ੧ ਪਉੜੀ ੪੫
ਬਾਬਾਣੈ ਘਰ ਚਾਨਣ 'ਲਹਿਣਾ' । [ਵਾਰ ੨੪ ਪਉੜੀ ੬

---

*ਵਿਸਥਾਰ ਭੈ ਕਰਕੇ ਸੰਖੇਪ ਲਿਖਿਆ ਹੈ । ਪਰ ਮੂਲ ਪਾਠ ਖੋਜੀ ਪਾਠਕ ਆਪ ਦੇਖ ਲੈਣ ।

ਜਿਨ ਕਉ 'ਤੁਆਤਿ' ਜਿਤੈ ਬਖ਼ਸ਼ਿਆਈ,
'ਗੁਰਮੁਖਿ' ਦੇ 'ਪਰਮਾਨ' ਕੀਏ ।
ਮਾਰਹੁ [illegible] ਭਏ ਨ ਪਾਰਨ,
ਨਰਕ ਜਾਇ ਗ੍ਰਹ 'ਮੇਖਿ' ਦੀਏ ।੪੧। [illegible]

ਗੁਰੂ ਅੰਗਦ 'ਗੁਰ ਅੰਗ' ਤੋਂ
'ਗੁਰ ਚੇਲਾ ਚੇਲਾ ਗੁਰ' ਭਾਯਾ ॥ ੩੪ ॥
ਗੁਰੁ ਅੰਗਦ 'ਗੁਰੂ ਅੰਗ ਤੇ'
'ਗੰਗਹੁ' ਜਾਣ ਤਰੰਗ ਉਠਾਯਾ ॥ [ਵਾਰ ੨੪ ਪਉੜੀ ੩੫
ਉਲਟੀ 'ਗੰਗ' ਵਹਾਈਉਨ
ਗੁਰ 'ਅੰਗਦ' ਸਿਰ ਉੱਪਰ 'ਧਾਰਾ'॥ [ਵਾਰ ੧ ਪਉੜੀ ੩੮

ਭਾਈ ਸੰਤੋਖ ਸਿੰਘ ਜੀ "ਸ੍ਰੀ ਗੁਰੂ ਨਾਨਕ ਪ੍ਰਕਾਸ਼" ਵਿਚ ਲਿਖਦੇ ਹਨ:—

(ਪ੍ਰਸ਼ਨ) ਗੁਰੁ ਅੰਗਦ ਹੈ ਕੈ ਸ੍ਰੀ ਚੰਦ ॥
ਮੰਜੀ ਕਿਹਿ ਢਿਗ ਆਨੰਦ ਕੰਦ ॥
ਸੁਤ ਨੇ ਲਈ ਕਿ ਸੇਵਕ ਪਾਈ ॥
ਤਖਤ ਬੈਸ ਕਿਸ 'ਗੁਰਤਾ' ਆਈ ॥੪੭॥

ਦੋਹਰਾ

(ਉਤਰ) ਕਹਿ ਬਾਲਾ, ਅੰਗਦ ਗੁਰੂ
ਜਿਹ ਸ੍ਰੀ ਨਾਨਕ ਆਪ ॥
ਪੈਸੇ ਪੰਚ ਨਲੇਰ ਧਰ
ਸਿਰ ਨਿਵਾਇ ਦਿਜ ਥਾਪ ॥ ੪੮ ॥

ਚੌਪਈ

ਤਿਨਕੀ ਸਮਤਾ ਹੋਵਹਿ ਕੈਸੇ ॥
ਥਾਪਜੋ ਗੁਰ ਨਾਨਕ ਜਬ ਐਸੇ ॥
ਖੋਜ ਲਯੋ ਹਮ ਗੁਰ ਮਤ ਧੀਰਾ ॥
ਜਿਉ ਖਨਵਾਰੀ ਪਾਵਹਿ ਹੀਰਾ ॥ ੪੯ ॥

ਸ੍ਰੀ ਚੰਦ 'ਗੁਰ ਸੰਤਤਿ' ਜਾਨੇ ॥
ਮਾਨਹਿ ਮਾਨ ਵ ਮਨ ਅਨੁਮਾਨੇ ॥
ਗੁਰੂ ਅੰਗਦ ਕੋ 'ਗੁਰਤਾ' ਦਏ ॥
ਕਿਧੌ 'ਦੁਤਿਜ ਨਾਨਕ' ਪ੍ਰਗਟਏ ॥ ੫੦ ॥

[ਪੂਰਬਾਰਧ ਧਿਆਇ ੨

ਸ਼ਬਦ ਸਰੂਪ ਸਤਿਗੁਰੂ ਤੋਂ ਨਾਦੀ ਲੜੀ ਤੁਰੀ। 'ਗੁਰੂ ਅੰਗ' ਭਾਵ 'ਗੁਰੂ ਧਨ ਦੇ ਜੌਹਰ' ਤੋਂ ਗੁਰੂ ਅੰਗਦ ਗੁਰੂ ਥਾਪਿਆ। ਗੁਰਿਆਈ ਭਾਈ ਲਹਣੇ ਜੀ ਨੂੰ ਬਖਸ਼ੀ। ਟਿਕਾ, ਛਤ੍ਰ, ਤਖਤ ਗੁਰਮੁਖ ਨੂੰ ਮਿਲਿਆ। ਪਿਤਾ ਅੰਗ ਭਾਵ ਪਿਤਾ ਧਨ ਤੋਂ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀਚੰਦ ਜੀ ਪੁਤ੍ਰ ਹੋਏ। ਪ੍ਰੀਖਿਆ ਵਿਚ ਪੁਤ੍ਰਾਂ ਨੂੰ ਗੁਰਿਆਈ ਨਾ ਮਿਲੀ। ਤਾਂਹੀ ਤੇਹਣ ਭਲੇ, ਤੇ ਸੋਢੀ ਵਾਰੋ ਵਾਰੀ ਪਰਗਟ ਹੋਏ।

ਨਾਦੀ ਸੰਤਾਨ ਗੁਰੂ
ਸ੍ਰੀ ਗੁਰੂ ਅਮਰਦਾਸ ਜੀ

ਸਤਿਗੁਰੂ ਤੋਂ ਸਤਿਗੁਰੂ ਦਸਾਯਾ ॥

[ਵਾਰ ੧ ਪਉੜੀ ੩੪

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਜਗਮਗ ਜੋਤਿ ਨਾਲ ਮਿਲਕੇ ਗੁਰੂ ਅਮਰਦਾਸ ਜੀ ਭੀ 'ਇਕ ਜੋਤਿ' ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਅਮਰਦਾਸ ਜੀ ਦੇ ਗੁਰੂ ਹੋਣਦੇ ਇਹ ਪ੍ਰਮਾਨ ਮਿਲਦੇ ਹਨ:—

'ਅੰਗਦਿ' ਕਿਰਪਾ ਧਾਰਿ
'ਅਮਰੁ' ਸਤਿਗੁਰੁ ਥਿਰੁ ਕੀਅਉ ॥ [ਸਵਈਏ ਮਹਲੇ ਪੰਜਵੇਂ ਕੇ ੫

~~ਤੇਰਾ~~ - ਤੇਰਾ ਕਿਰ.

ਤਿਹ ਵਿਆਰਤ ਮਾਂਗ ਕਰੇ ਰੁਕਿਓਂ।
ਜਿਹ ਤੇਜ ਅਦਖਿਦ ਕੇਪਾਣ ਹੋ।
ਸਜਣੀਨ ਨੇਹੇਣ ਚਾਤਰਿਓ।
ਤਥ ਹੀ ਤਿਹ ਕੇ ਚਰ ਰਹਿ ਰਹੇ।੧੫।
"ਪਰ ਦੇਵ ਅਦੇਵਤ ਸੰਬ ਚਰਅ।
ਤਹ ਸੰਖ ਪਤੇ ਇਖ ਆਯ ਕਰਅ।
ਹਤ ਜਾਗਬ ਵਿਅੰਦਰ ਨਾਰ ਹਰਿਓ।
ਅਹ ਕੇਤਕ ਦੇਸ ਨਰੇਸ ਗਰੇਓ।੧੬।
ਪਰ ਹੋਤ ਰਹੇ ਦੇਉ ਤੋਅ ਬਰੀ।
ਤਿਹ ਜੇ ਣ ਵਿਰਾਰ ਕਕਨਕਰੀ।
ਕਹਿ ਨਾਟਕ ਨਚੇ 'ਤਰਿਤੂ' ਕਰਆ। ×
ਸਅ ਹੀਰ ਣਰੇਸ ਨਰੇਸ ਸਭਆ।੧੭।

(ਬਚਿਤ੍ਰ ਨਾਟਕ, ਰਾਮਅਵਤਾਰ)

[illegible]

ਪੜ੍ਹਿ ਗਇਓ, [illegible] [illegible],

[illegible] [illegible] · [illegible]।

[illegible] [illegible] "ਹੈ [illegible]" ਕਹੈ,

[illegible] [illegible] [illegible] [illegible]। ੩੪/੧੧.

([illegible] [illegible] ੧੦੨)

ਸੰਗੀ ਨਤਾਂ ਗੁਰੂ

ਅਰਦਾਸ (ਪ੍ਰਾਰਥਨਾ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਚਰਿਤ੍ਰ ਪਾਖ੍ਯਾਨ' ਵਿਚ ਲਿਖਦੇ ਹਨ

ਅੜਿਲ

'ਚੋਰੀ' ਭੇਸ ਪ੍ਰਵੇਸ਼, ਗਮਨ ਕਰਿ ਪਾਇ ਹੈ।
ਏਤ ਭੇਸ 'ਚੰਦ ਰਾਜ', ਰਾਜਿ ਸੁਖ ਪਾਇ ਹੈ।
ਸਰ 'ਪਾਰਕ' ਕਰ ਜੌ 'ਤਾ' ਮਾਰ ਗਵਾਇ ਹੈਂ।
ਤੇ 'ਸਮਾਤ ਪ੍ਰਸ' ਕਰੈ ਤਹਿ, ਪਰਮ ਪਦ ਪਾਇ ਹੈਂ।੧।
'ਤ੍ਰਿਤੀ' ਭੇਦ ਧਨ ਬ (ਰੈਪਈ) 'ਤਾ' ਕਹਿਆ।
'ਚਤੁਰ' ਭੇਦ ਧਨ 'ਭੇਸ' ਕੇ ਦੀਆ।
'ਤੀਨ ਸਰਬ' 'ਤਾ' ਤੇ ਸਬ ਪਰ ਹੈਂ।
'ਚਤੁਰਥਿ ਸਰਬ' ਗੁਰੂ 'ਤਹਿ' ਕਹਿ ਹੈਂ।੨।

(ਚੌਰ ਪਾਠ ਚੋਣ ~~[illegible]~~ ਪਿਆਰਾ ੪)

(X) ਸ੍ਰੀ ਗੁਰੂ ਰਾਮ ਦਾਸ ਜੀ ਸ੍ਰੀ ਗੁਰੂ ਅਮਰ ਦਾਸ ਜੀ
ਦਾ "ਜਿਸੁ ਪਰਸਾਦਿ" ਵਿਚ ਪਰਗਾਸ਼ ਲਿਖਦੇ ਹਨ:-

ਸਤਿਗੁਰ ਪੁਰਖ ਅਗੋਚਰੁ,
ਗੁਰਮਤਿ ਗੁਰਦਰਸਨ ਕਰਿਆ। ਤੁਖਾਰੀ ਮਹਲਾ ੪.

ਸਭ ਧਰ ਦਾਸੇ ਜਨ (ਰੈਪਈ) ਏਤੁ ਆਵੈ।
ਰਾਮ ਦਾਸ ਤਾਰ ਗੁਰੂ ਪਕੜੇ।
ਤਿਨ ਧਰ ਦਾਂ ਪ੍ਰਗਾਤਨ ਦੀਆ।੮।
~~[illegible]~~ (ਪਿਆਰਿ ੫)

ਧਨਿ ਧਨਿ ਸਤਿਗੁਰ 'ਅਮਰਦਾਸੁ'
ਜਿਨਿ ਨਾਮੁ ਦ੍ਰਿੜਾਯਉ ॥ ੭ ॥ [ਸਵਈਏ ਮਹਲੇ ਚਉਥੇ ਕੇ

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ
'ਅੰਗਦੁ', 'ਅਮਰੁ' ਕਹਾਇਓ ॥੭॥ [ਸਵਈਏ ਮਹਲੇ ਪਹਿਲੇ ਕੇ੧*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਲਿਖਦੇ ਹਨ:—

'ਅਮਰਦਾਸ' ਪੁਨ ਨਾਮ ਕਹਾਯੋ ॥
ਜਨ ਦੀਪਕ ਤੈ ਦੀਪ ਜਗਾਯੋ ॥ [ਬਚਿਤ੍ਰ ਨਾਟਕ ਧਿਆਇ ੭

ਭਾਈ ਗੁਰਦਾਸ ਜੀ ਲਿਖਦੇ ਹਨ:—

ਲਹਿਣੇ ਪਾਈ ਨਾਨਕੋਂ
ਦੇਣੀ 'ਅਮਰਦਾਸ' ਘਰ ਆਈ ॥ [ਵਾਰ ੧, ਪਉੜੀ ੪੬

'ਅਮਰਦਾਸ' ਗੁਰੁ ਅੰਗਦਹੁ
ਸਤਿਗੁਰੁ ਤੇ ਸਤਿਗੁਰੂ ਸਦਾਯਾ ॥ [ਵਾਰ੨੬,ਪਉੜੀ ੩੪

'ਅਮਰਦਾਸ' ਗੁਰੁ ਅੰਗਦਹੁ
'ਜੋਤਿ ਸਰੂਪ' ਚਲਤ ਵਰਤਾਯਾ ॥ [ਵਾਰ ੨੪,ਪਉੜੀ ੨੫

ਨਾਦੀ ਸੰਤਾਨ ਗੁਰੂ

ਸ੍ਰੀ ਗੁਰੂ ਰਾਮਦਾਸ ਜੀ

,ਗੁਰੁ ਚੇਲਾ, ਚੇਲਾ ਗੁਰੁ ਭਾਯਾ ॥
[ਵਾਰ ੩੬, ਪਉੜੀ ੪੫

ਤਿਸੀ ਪ੍ਰਕਾਰ ਗੁਰੂ ਅਮਰਦਾਸ ਜੀ ਦੀ ਅਮਰ ਜੋਤ ਨਾਲ ਮਿਲਕੇ ਗੁਰੂ ਰਾਮਦਾਸ ਜੀ ਸਤਿਗੁਰੂ ਕਹਾਏ। ਸ੍ਰੀ ਗੁਰੂ ਗ੍ਰੰਥ

---

*ਭਟ ਗੁਰੂ ਅਮਰਦਾਸ ਜੀ ਦਾ ਨਾਮ ਲਿਖਦੇ ਹਨ। ਓਹ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਨਹੀ ਸਨ। ਕਰਤਾ

ਸਾਹਿਬ ਜੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰੂ ਹੋਣ ਦੇ ਏਹ ਪ੍ਰਮਾਨ ਮਿਲਦੇ ਹਨ:—

ਸਭਿ ਸਿਖ, ਬੰਧਪ, ਪੁਤ, ਭਾਈ
'ਰਾਮਦਾਸ' ਪੈਰੀ ਪਾਇਆ ॥ ੪ ॥
'ਰਾਮਦਾਸ' ਸੋਢੀ 'ਤਿਲਕੁ' ਦੀਆ
ਗੁਰ ਸਬਦੁ ਸਚੁ ਨੀਸਾਣੁ ਜੀਉ ॥ ੫ ॥ [ਰਾਮਕਲੀ ਸਦੁ ਸੁੰਦਰ ਜੀ
ਧੰਨੁ ਧੰਨੁ 'ਰਾਮਦਾਸ ਗੁਰੁ'
ਜਿਨਿ ਸਿਰਿਆ ਤਿਨੈ ਸਵਾਰਿਆ ॥ ੭ ॥ [ਰਾਮਕਲੀ ਕੀ ਵਾਰ
[ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ
ਸਤਿਗੁਰੁ ਗੁਰੁ ਸੇਵਿ, ਅਲਖ ਗਤਿ ਜਾਕੀ
'ਸ੍ਰੀ ਰਾਮਦਾਸੁ' ਤਾਰਣ ਤਰਣੰ ॥ ੩ ॥ [ਸਵਈਏ ਮਹਲ ਚਉਥੇ ਕੇ ੪
ਇਹੁ 'ਜਨਕ ਰਾਜੁ' 'ਗੁਰ ਰਾਮਦਾਸ'
ਤੁਝ ਹੀ ਬਣਿ ਆਵੈ ॥ ੧੩ ॥ [ਸਵਈਏ ਮਹਲੇ ਚਉਥੇ ਕੇ ੪
ਨਾਨਕ ਪ੍ਰਸਾਦਿ ਅੰਗਦ ਸੁਮਤਿ
ਗੁਰਿ ਅਮਰਿ ਅਮਰੁ ਵਰਤਾਇਓ ॥
'ਗੁਰ ਰਾਮਦਾਸੁ' 'ਕਲ੍ਯ ਚਰੈ'
ਤੈਂ ਅਟਲ ਅਮਰ ਪਦੁ ਪਾਇਓ ॥ ੫ ॥ [ਸਵਈਏ ਮਹਲੇ ਚਉਥੇ ਕੇ ੪
ਗੁਰੁ ਨਾਨਕੁ, ਅੰਗਦੁ, ਅਮਰੁ
ਭਗਤ ਹਰਿ ਸੰਗਿ ਸਮਾਣੇ ॥
ਏਹੁ 'ਰਾਜ ਜੋਗ' 'ਗੁਰ ਰਾਮਦਾਸ'
ਤੁਮ੍ਹ ਹੂ ਰਸੁ ਜਾਣੇ ॥ ੧੨ ॥ [ਸਵਈਏ ਮਹਲੇ ਚਉਥੇ ਕੇ ੪
ਸਭ ਬਿਧਿ ਮਾਨ੍ਯਿਉ ਮਨੁ
ਤਬ ਹੀ ਭਯਉ ਪ੍ਰਸੰਨੁ

ਨਾਦੀ ਸੰਤਾਨ ਗੁਰੂ ਅਭੇਦਤਾ

ਸਿਖ ਇਤਿਹਾਸ ਵਿਚ ਏਹ ਸਭ ਨਾਦੀ ਸੰਤਾਨ ਮੰਨੀ ਜਾਂਦੀ ਹੈ। ਬਾਬਾਣੀ ਪੀੜ੍ਹੀ ਵਿਚ ਨਾਦੀ ਸੰਤਾਨ ਭੀ 'ਇਕ ਜੋਤਿ' ਅਭੇਦ ਮੰਨੀ ਗਈ ਹੈ। ਏਥੋਂ ਤੀਕ ਦੀਵੇ ਨਾਲ ਦੀਵਾ ਜਗਦਾ ਆਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ:—

ਨਾਨਕੁ ਤੂ, ਲਹਣਾ ਤੂ ਹੈ
ਗੁਰੁ ਅਮਰੁ ਤੂ, ਵੀਚਾਰਿਆ॥
ਗੁਰੁ ਡਿਠਾ, ਤਾਂ ਮਨੁ ਸਾਧਾਰਿਆ॥ ੭॥ [ਰਾਮਕਲੀ ਕੀ ਵਾਰ

[ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ

ਜੋਤਿ ਓਹਾ, ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ॥ ੨॥ [ਰਾਮਕਲੀ ਕੀ ਵਾਰ
[ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ

ਏਹ ਤਿੰਨ ਨਾਦੀ ਸੰਤਾਨ ਗੁਰੂ ਭੀ ਪਰਤਖੁ ਮਾਨਸ ਮੂਰਤਿ ਗੁਰੂ ਹੋਏ ਹਨ। ਗੁਰਮੁਖ ਸਿਖ ਸਤਿਗੁਰਾਂ ਨੂੰ ਪਾਰਬ੍ਰਹਮ ਰੂਪ ਮੰਨਦੇ ਹਨ।

ਚਹੁ ਪੀੜ੍ਹੀ ਬਖੀਲੀ

ਸਿਖ ਤੋਂ ਗੁਰੂ ਹੋਏ ਨਾਦੀ ਸੰਤਾਨ ਗੁਰੂਆਂ ਨਾਲ ਭੇਦ ਭਾਵ ਰਖਣ ਵਾਲਿਆਂ ਦਾ ਹਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਪ੍ਰਕਾਰ ਲਿਖਿਆ ਹੈ:—

ਐਸੀ 'ਗੁਰ ਕੀ ਦਾਤਿ' ਨ ਮੇਟੈ ਕੋਈ
ਮੇਰੈ 'ਠਾਕੁਰਿ' ਆਪਿ ਦਿਵਾਈ॥

ਹਰਿ ਕਾ ਸੇਵਕੁ, ਸੋ ਹਰਿ ਜੇਹਾ।
ਭੇਦੁ ਨ ਜਾਣਹੁ ਮਾਣਸ ਦੇਹਾ।
ਜਿਉ ਜਲ ਤਰੰਗ ਉਠਹਿ, ਬਹੁ ਭਾਤੀ,
ਫਿਰਿ ਸਲਲੈ ਸਲਲ ਸਮਾਇਦਾ।੮।

ਮਾਰੂ ਸੋਲਹੇ ਮਹਲਾ ੫.

ਨਿੰਦਕ ਨਰ 'ਕਾਲੇ ਮੁਖ' ਨਿੰਦਾ
ਜਿਨ 'ਗੁਰ ਕੀ ਦਾਤਿ' ਨ ਭਾਈ ॥ ੪ ॥ [ਗੂਜਰੀ ਮਹਲਾ ੧
ਸਿਖਾਂ, ਪੁਤ੍ਰਾਂ ਘੋਖਿ ਕੈ ... ...
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥ ੪ ॥ [ਰਾਮਕਲੀ ਕੀ ਵਾਰ
[ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ]

ਗੁਰਮੁਖ ਸਿਉ ਮਨਮੁਖੁ ਅੜੈ
ਡੁਬੈ ਹਕਿ ਨਿਆਇ ॥ ੨੧ ॥ [ਵਾਰ ਮਾਝ ਕੀ ਤਥਾ ਸਲੋਕ ਮਹਲਾ ੨
'ਪੁਤੀ', ਭਾਤੀਈ, ਜਾਵਾਈ, ਸੱਕੀ
ਅਗਹੁ, ਪਿਛਹੁ, ਟੋਲਿ ਡਿੱਠਾ
ਲਾਹਿਨ 'ਸਭਨਾ' ਕਾ ਅਭਿਮਾਨੁ ॥ [ਬਿਲਾਵਲ ਕੀ ਵਾਰ ਮਹਲਾ ੪
ਜਿਸੁ 'ਘਰਿ' ਵਿਰਤੀ, ਸੋਈ ਜਾਣੈ
'ਜਗਤ ਗੁਰ' ਨਾਨਕ ਪੂਛਿ ਕਰਹੁ ਬੀਚਾਰਾ ॥
'ਚਹੁ ਪੀੜੀ' ਆਦਿ ਜੁਗਾਦਿ
'ਬਖੀਲੀ' ਕਿਨੈ ਨ ਪਾਇਓ
ਹਰਿ 'ਸੇਵਕ ਭਾਇ' ਨਿਸਤਾਰਾ ॥੪॥ [ਸੂਹੀ ਮਹਲਾ ੪ ਘਰ ੬
ਕੋਈ ਕਰਿ 'ਬਖੀਲੀ' ਨਿਵੈ ਨਾਹੀ
ਫਿਰਿ ਸਤਿਗੁਰੂ ਆਣਿ ਨਿਵਾਇਆ ॥੬॥ [ਰਾਮਕਲੀ ਸਦੁ ਸੁੰਦਰ ਜੀ
'ਮਨਮੁਖੁ' ਤਿਨਕੀ 'ਬਖੀਲੀ' ਕਿ ਕਰੇ
ਜਿ ਸਚੈ ਸਬਦਿ ਸਵਾਰੇ ॥ ... ...
ਨਾਨਕ, 'ਗੁਰਮੁਖਿ' ਸੇ ਸੁਹੇਲੇ ਭਏ
ਮੁਖ ਊਜਲ ਦਰਬਾਰੇ ॥ ੨ ॥ [ਸਾਰੰਗ ਕੀ ਵਾਰ, ਮਹਲਾ ੪
ਏਹੁ ਹਰਿ ਧਨੁ 'ਜੋਰਿ' ਕੀਤੈ
ਕਿਸੈ ਨਾਲਿ ਨ ਜਾਇ ਵੰਡਾਇਆ ॥ .. ...

ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ
ਕਿਸੈ ਕਾ ਖਤੁ ਨਾਹੀ
ਕਿਸੈ ਕੈ ਸੀਵ ਬੰਨੈ ਰੋਲੁ ਨਾਹੀ
ਜੇਕੋ ਹਰਿ ਧਨ ਕੀ 'ਬਖੀਲੀ' ਕਰੇ
ਤਿਸਕਾ ਮੁਹੁ ਹਰਿ ਚਹੁ ਕੁੰਡਾ ਵਿਚਿ
'ਕਾਲਾ' ਕਰਾਇਆ ॥
ਹਰਿਕੇ ਦਿਤੇ ਨਾਲਿ ਕਿਸੈ ਜੋਰੁ
'ਬਖੀਲੀ' ਨ ਚਲਈ
ਦਿਹੁ ਦਿਹੁ ਨਿਤ ਨਿਤ ਚੜੈ ਸਵਾਇਆ ॥ ੯ ॥

[ਬਿਲਾਵਲ ਕੀ ਵਾਰ, ਮਹਲਾ ੪

*ਪੁਤ੍ਰੀ ਕਉਲੁ ਨ ਪਾਲਿਓ,

---

*'ਬਿਹਾਰੀ ੀ ਬਹੁ ਵਚਨ ਨਾਵਾਂ ਦੇ ਅੰਤ ਵਿਚ ਸੰਬੰਧਕੀ ਅਰਥ ਦਿੰਦੀ ਹੈ। ਇਹਦੇ ਨਾਲ ਬਿੰਦੀ ਲਿਖੀ ਹੋਈ ਨਹੀ ਹੁੰਦੀ, ਪ੍ਰੰਤੂ ਅਰਥ ਕਰਨ ਵੇਲੇ ਨਾਲ ਪੜ੍ਹੀ ਜਾਂਦੀ ਹੈ।

'ਸਿਖੀ' ਸਿਖਿਆ ਗੁਰ ਵੀਚਾਰਿ ॥ [ਆਸਾ ਦੀ ਵਾਰ
'ਅਖੀ' ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪ ॥ [ਆਸਾ ਦੀ ਵਾਰ
'ਕੰਨੀ' ਸੂਤਕੁ ਕੰਨਿ ਪੈ ਲਾਇ ਤਬਾਰੀ ਖਾਹਿ ॥ [ਆਸਾ ਦੀ ਵਾਰ
ਅਨਿਕ 'ਉਪਾਵੀ' ਰੋਗੁ ਨ ਜਾਇ ॥ [ਸੁਖਮਨੀ ਸਾਹਿਬ
ਇਨੀ 'ਨੇਤ੍ਰੀ' ਜਗਤੁ ਨਿਹਾਲਿਆ ॥ [ਆਸਾ ਦੀ ਵਾਰ
'ਅਖਰੀ' ਲਿਖਣ ਬੋਲਣੁ ਬਾਣਿ ॥ [ਜਪੁਜੀ ਸਾਹਿਬ
ਸਮੁੜਿ ਸੁਹੇਆ ਕਿਵ ਕਰੀ, ਨਿਵਣ ਨ ਜਾਇ 'ਥਣੀ' ॥ [ਸਲੋਕ ਵਾਰਾਂ ਤੇ ਵਧੀਕ
ਕਿਸਨ ਸਦਾ 'ਅਵਤਾਰੀ' ਰੂਧਾ, [ਵਡਹੰਸ ਮਹਲਾ ੩

[ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ
"ਸਬਦਾਂਤਿਕ ਲਗਾਂ ਮਾਤ੍ਰਾਂ ਦੇ ਗੁਝੇ ਭੇਦ"

ਮਾਤੇ ਸਤੁ ਫਿਰ ਕੇ ਰੇਟੀ
ਦੁਰ ਕਾ ਕਰਿਆ ਨ ਸ਼ਿਤਿਪਤੀ । [illegible]

ਕਰਿ ਪੀਰਹੁ, ਕੰਨ੍ਹ ਮੁਰਟੀਐ ॥
ਦਿਲਿ ਖੋਟੈ, ਆਕੀ ਫਿਰਨ੍ਹਿ
ਬੰਨਿ ਭਾਰੁ, ਉਚਾਇਨ੍ਹਿ ਛਟੀਐ। ੨ ॥

[ਰਾਮਕਲੀ ਕੀ ਵਾਰ, ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ

ਭਾਈ ਗੁਰਦਾਸ ਜੀ ਵਾਰਾਂ ਵਿਚ ਲਿਖਦੇ ਹਨ —

ਉਲਟੀ ਗੰਗ ਵਹਾਈਓਨ,
ਗੁਰ ਅੰਗਦ ਸਿਰ ਉੱਪਰ ਧਾਰਾ ॥
ਪੁਤ੍ਰੀਂ ਕੌਲ ਨ ਪਾਲਿਆ
ਮਨ ਖੋਟੇ, ਆਕੀ, ਨਸਿਆਰਾ ॥ [ਵਾਰ ੧, ਪਉੜੀ ੩੮
ਬਾਲ ਜਤੀ ਹੈ 'ਸਿਰੀ ਚੰਦ'
ਬਾਬਾਣਾ ਦੇਹੁਰਾ ਬਣਾਯਾ ॥
'ਲਖਮੀ ਦਾਸਹੁੰ' 'ਧਰਮ ਚੰਦ'
ਪੋਤਾ ਹੋਇਕੈ ਆਪ ਗਣਾਯਾ ॥
ਮੰਜੀ 'ਦਾਸ' ਬਹਾਲਿਆ
'ਦਾਤਾ' ਸਿੱਧਾਸਣ ਸਿਖ ਆਯਾ ॥
'ਮੋਹਨ' ਕਮਲਾ ਹੋਇਆ
ਚਉਬਾਰਾ 'ਮੋਹਰੀ' ਮਨਾਯਾ ॥
ਮੀਣਾ ਹੋਆ 'ਪਿਰਥੀਆ'
ਕਰ ਕਰ ਤ੍ਰੇਢਕ, ਬਰਲ ਚਲਾਯਾ ।
'ਮਹਾਂਦੇਉ' ਅਹੰਮੇਉ ਕਰ
ਕਰ ਬੇਮੁਖ, ਪੁਤਾਂ ਭਉਕਾਯਾ ॥
ਚੰਦਨ ਵਾਸ ਨ ਵਾਸ ਬੋਹਾਯਾ ॥੩੩॥ [੧] [ਵਾਰ ੨੬, ਪਉੜੀ ੩੩

ਗੁਰ ਬਿਲਾਸ ਪਾਤਸ਼ਾਹੀ ੬ ਵਿਚ ਲਿਖਿਆ ਹੈ:—

ਅੜਿਲ

ਬਾਲ ਜਤੀ 'ਸ੍ਰੀ ਚੰਦ' ਮਾਨ ਬਹੁ ਪਾਇਯੋ ॥
ਬਾਬੇ ਕਾ ਰਚ ਥਾਨ ਸੁ ਆਪ ਗਣਾਇਯੋ ॥
'ਲਖਮੀ ਦਾਸਹੁ' ਪੁਤ੍ਰ 'ਧਰਮ ਸਸਿ' ਜਾਨੀਏ ।
ਨਿਜ ਪੋਤਾ ਮਨ ਮਾਂਨ, ਸੁ ਕਰ ਬਸੁ ਠਾਨੀਏ ॥੩੨੩॥

ਛਪੈ ਛੰਦ

ਮੰਜੀ 'ਦਾਸ' ਬਨਾਇ ਆਪਕੋ ਬਡਾ ਕਹਾਈ ॥
'ਦਾਤੂ ਸਿਖ ਸਿਧਾਸਣ ਸੇਵਾ ਗੁਰੂ ਬਿਹਾਈ ॥
'ਮੋਹਨ' ਕਮਲਾ ਹੋਇ, ਚੁਬਾਰਾ 'ਮੋਹਰੀ' ਭਾਯੋ ॥
'ਮੀਣਾ ਪ੍ਰਿਥੀਆ' ਜਾਨ, ਚਾਹਿ ਬਡ ਲਾਲਚ ਲਾਯੋ ॥
'ਮਹਾਂਦੇਵ' ਹੋਮੈ ਕਰੀ ਬੇਮੁਖ ਸਗ ਬੋਲਤ ਰਹੈਂ ॥
ਚੰਦਨ ਗੰਧ ਨ ਬਾਂਸ ਕੋ
ਬਿਆਰ ਤੀਨ ਨਿਸ ਦਿਨ ਬਹੈ ॥ ੩੨੪ ॥ [ਧਿਆਇ ੧੬

ਗੁਰ ਚਉਥੀ ਪੀੜੀ ਸਭ ਤਾਰੇ

ਚਉਥੀ ਪੀੜੀ ਸਭਨਾਂ ਨੂੰ ਤਾਰਨ ਦਾ ਹਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਪ੍ਰਕਾਰ ਲਿਖਿਆ ਹੈ—

ਗੁਰਿ ਬਾਬੈ *ਫਿਟਕੇ ਸੇ ਫਿਟੇ,
ਗੁਰਿ 'ਅੰਗਦਿ' ਕੀਤੇ †ਕੂੜਿਆਰੇ ॥
ਗੁਰਿ 'ਤੀਜੀ ਪੀੜੀ' ਵੀਚਾਰਿਆ
ਕਿਆ ਹਥਿ ਏਨਾ ਵੇਚਾਰੇ ॥

---

*ਬਿਨੁ ਨਾਵੈ ਕਿਆ ਜੀਵਨਾ, ਫਿਟੁ ਧ੍ਰਿਗੁ ਚਤੁਰਾਈ ॥ [ਆਸਾ ਮਹਲਾ ੩

†ਕੂੜਿਆਰਾ ਕੇ ਮੁਹ ਫਿਟਕੀਅਹਿ ॥ [ਬਿਲਾਵਲ ਕੀ ਵਾਰ, ਮਹਲਾ ੪

ਗੁਰੁ 'ਚਉਥੀ ਪੀੜੀ' ਟਿਕਿਆ,
'ਤਿਨਿ' ਨਿੰਦਕ ਦੁਸਟ 'ਸਭਿ *ਤਾਰੇ'॥ ੧ ॥
(ਗਉੜੀ ਕੀ ਵਾਰ, ਮਹਲਾ ੪

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ
ਫਿਰਿ ਸਰਣਿ ਗੁਰ ਆਵੈ॥
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ
ਸਤ ਸੰਗਤਿ ਨਾਲਿ ਰਲਾਵੈ ॥ [ਬਿਲਾਵਲ ਕੀ ਵਾਰ ਮਹਲਾ ੪
ਪਉਦੀ ਭਿਤਿ ਦੇਖਿਕੈ
'ਸਭਿ' ਆਇ ਪਏ ਸਤਿਗੁਰ ਕੀ ਪੈਰੀ
ਲਾਹਿਓਨੁ 'ਸਭਨਾ' ਕਿਅਹੁ ਮਨਹੁ ਗੁਮਾਨੁ॥੧੦॥
[ਬਿਲਾਵਲ ਕੀ ਵਾਰ ਮਹਲਾ ੪

ਸੋ ਸੋਢੀ ਸੁਲਤਾਨਾਂ ਨੇ ਸਭਨਾ ਨੂੰ ਤਾਰਿਆ। ਸਿਖ ਇਤਿਹਾਸ ਵਿਚ ਇਸ ਬਾਤ ਦੇ ਬਹੁਤ ਪ੍ਰਮਾਨ ਮਿਲਦੇ ਹਨ। ਗੁਰਬਿਲਾਸ ਪਾਤਸ਼ਾਹੀ ੬ ਵਿਚ ਲਿਖਿਆ ਹੈ:—

ਬਾਬਾ ਮੋਹਨ ਜੀ ਦਾ ਪ੍ਰਸੰਗ

ਚੌਪਈ

'ਮੋਹਨ ਜੀ' ਯੋ ਬਚਨ ਉਚਾਰੇ ॥
ਸੁਨ ਗੁਰ ਅਰਜਨ ਰੂਪ ਮੁਰਾਰੇ ॥
ਹਮਤੇ 'ਭੂਲ' ਪਈ ਹੈ ਭਾਰੀ ॥
ਹਮਰੇ ਪਰ ਪਿਤ ਕੋਪਯੋ ਭਾਰੀ ॥
ਸੋ ਸਬ 'ਬਾਤ' ਅਬੈ ਸੁਨਿ ਲੀਜੈ ॥
'ਭੂਲ' ਛਿਮਾਪਨ ਹਮਰੀ ਕੀਜੈ ॥ ੩੨॥

---

*ਜਿਸੁ ਮਨਿ ਵਸਿਆ ਤਰਿਆ ਸੋਇ ॥[ਮਹਲਾ੧, ਬਿਲਾਵਲਕੀ ਵਾਰ ਮਹਲਾ ੪

ਦੋਹਰਾ

ਪਿਤਾ ਮੋਹਿ ਆਗਿਆ ਕਰੀ
ਦੇਇ ਪੋਥੀਆਂ ਤਾਹਿੰ ॥
ਬਹੁਰਿ ਚਰਨ ਤ੍ਰਾਂਕੇ ਪਰੋ
ਸੋ ਤੁਮ ਰਛ ਕਰਾਂਹਿ ॥ ੩੮ ।
ਪੋਥੀਆਂ ਸਾਂਭਤ ਮੈਂ ਰਹਿਓ
ਸਮਾਂ ਪਹੂਚਿਓ ਆਇ ॥
ਚਰਨ ਪਰਨ ਮਮ ਦੀਜੀਏ
'ਪਰੀ' ਭੂਲ ਬਖਸ਼ਾਇ । ੩੯ ॥ [ਧਿਆਇ ੪

'ਮੋਹਨ' ਤੂੰ ਸੁਫਲੁ ਫਲਿਆ ਸਣੁ ਪਰਵਾਰੇ॥
'ਮੋਹਨ' ਪੁਤ੍ਰ ਮੀਤ, ਭਾਈ, ਕੁਟੰਬ, 'ਸਭਿ ਤਾਰੇ'॥ [ਗਉੜੀ ਮਹਲਾ ੫

ਬਾਬਾ ਮੋਹਰੀ ਜੀ ਦਾ ਪ੍ਰਸੰਗ

ਚੌਪਈ

ਅਸ ਕਹਿ, ਸ੍ਰੀ ਗੁਰ ਚਰਨ ਗਹਾਏ ॥
ਪਰਾ ਧਰਨ ਕਛੁ ਸੁਧ ਨ ਰਹਾਏ ॥
ਕ੍ਰਿਪਾ ਸਿੰਧ ਤਬ ਭਏ ਕ੍ਰਿਪਾਲ ॥
'ਮੋਹਰੀ ਜੀ' ਤੁਮ ਭਏ ਨਿਹਾਲ ॥ ੫੦ ।

[ਗੁਰ ਬਿਲਾਸ ਪਾਤਸ਼ਾਹੀ ੬ ਧਿਆਇ ੪

'ਮੋਹਰੀ' ਪੁਤੁ ਸਨਮੁਖੁ ਹੋਇਆ
'ਰਾਮਦਾਸੈ' ਪੈਰੀ ਪਾਇ ਜੀਉ ॥ [ਰਾਮਕਲੀ ਸਦੁ ਸੁੰਦਰ ਜੀ

ਬਾਬਾ ਦਾਤੂ ਜੀ ਦਾ ਪ੍ਰਸੰਗ

ਚੌਪਈ

ਨਿਜ ਬ੍ਰਿਤੰਤ ਕਹਿ ਤੁਮੈਂ ਸੁਨਾਊ ॥
ਤੁਮਤੇ ਅਪਨੀ 'ਭੂਲ ਛਿਮਾਊ' ॥੯੩॥

ਚੌਪਈ

ਹੁਇ ਨਿਲੱਜ ਹੌ ਤਿੰਹ ਠਾਂ ਗਯੋ॥
ਬਿਨਤੀ ਕਰਤ ਤਹਾਂ ਅਸ ਭਯੋ ॥
ਮਹਾਰਾਜ ਮਮ ਛਿਮਾ ਕਰੀਜੈ ॥
ਲਾਤ ਰੋਗ ਕੋ ਦੂਰ ਕਰੀਜੈ ॥
'ਅਮਰਦਾਸ' ਸ੍ਰੀ ਮੁਖੋਂ ਉਚਾਰੇ ॥
'ਰਾਮਦਾਸ ਸੁਤ' ਚਿੰਤਾ ਡਾਰੇ ॥੧੨੦॥

ਚੌਪਈ

'ਦਾਤੂ' ਤਬ ਗੁਰ ਪਗ ਕਰ ਲਾਯੋ ॥
ਸ੍ਰੀ ਗੁਰੁ ਕਰ ਤਿਹ ਲਾਤ ਫਿਰਾਯੋ ॥
ਲਾਤ ਰੋਗ ਤਿੰਹ ਛਿਨ ਭਯੋ ਨਾਸਾ ॥
'ਦਾਤੂ' ਕੇ ਮਨ ਭਯੋ ਹੁਲਾਸਾ ॥ ੧੨੩ ॥

[ਗੁਰ ਬਿਲਾਸ ਪਾਤਸ਼ਾਹੀ ੬, ਧਿਆਇ ੪

ਬਾਬਾ ਦਾਸੂ ਜੀ ਦਾ ਪ੍ਰਸੰਗ

'ਦਾਸੂ' ਤਬ ਗੁਰ ਚਰਨੀ ਪਰਿਯੋ ॥
ਗੁਰ ਅਰਜਨ ਕਰਿ ਤਿਨ ਫਰਿਯੋ ॥੧੨੬॥

[ਗੁਰ ਬਿਲਾਸ ਪਾਤਸ਼ਾਹੀ ੬, ਧਿਆਇ ੪

ਬਾਬਾ ਮਹਾਂਦੇਵ ਜੀ ਦਾ ਪ੍ਰਸੰਗ

ਚੌਪਈ

ਗੁਰ ਅਰਜਨ ਏਕਾਂਤਿ ਦਿਖਾਏ ॥
ਨਿੰਮ੍ਰਤ ਵਚ 'ਮਹਾਂਦੇਵ' ਅਲਾਏ ॥
'ਭੂਲ ਛਿਮਾ' ਪ੍ਰਭ ਕੀਜੈ ਮੋਹਿ ॥
ਭਾਈ ਕਰ ਜਾਨਤ ਥਾ ਤੋਹਿ । ੮।

ਦੋਹਰਾ

ਮਾਨੁਖ ਕਰ ਜਾਨਤ ਰਹਾ
ਗੁਰ ਕਰ ਤੋਂਹਿ ਨ ਜਾਨ ॥
ਤਮ ਮਾਯਾ ਮਮ ਛਾਇਯੋ
ਮਨ ਬੁਧ ਸਭ ਹੀ ਗਯਾਨ ॥੯॥

ਚੌਪਈ

ਯੋਂ ਕਹ ਗੁਰ ਚਰਨੀ ਲਪਟਾਨਾਂ ॥
ਹੁਇ ਪ੍ਰਸੰਨ ਗੁਰੁ ਤਾਂਹਿ ਉਠਾਨਾਂ ॥

[ਗੁਰ ਬਿਲਾਸ ਪਾਤਸ਼ਾਹੀ ੬, ਧਿਆਇ ੫

ਬਾਬਾ ਧਰਮਚੰਦ ਜੀ ਦਾ ਪ੍ਰਸੰਗ

ਸੋਰਠਾ

'ਧਰਮ ਸਸੀ' ਸੁਖ ਮਾਨ
'ਹਾਥ ਜੋਰ ਬਿਨਤੀ ਕਰੀ' ॥
ਸੁਨੋ ਪ੍ਰਭੂ ਸੁਖ–ਖਾਨ
ਜੈਸੇ 'ਪਿਤ ਤੇ ਮੈ ਸੁਨਯੋ' ॥੧੪੪॥

ਚੌਪਈ

ਪਿਖ ਗੁਰ ਨਾਨਕ ਕੀਓ ਅਨੰਦਾ ॥
'ਸੁਤ' ਕੋ ਕਹਾ ਦੇਖ 'ਰੇ ਚੰਦਾ' ॥੧੯੨॥

ਚੌਪਈ

ਮਮ ਦਾਦੀ ਕੋ ਸ੍ਰੀ ਗੁਰ ਭਾਖੀ ॥
ਦੇਖੀ ਏਹੁ 'ਪੁਤ੍ਰਨ' ਕੀ ਸਾਖੀ ॥੧੯੩॥

ਚੌਪਈ

ਤਬ ਗੁਰ ਨਾਨਕ ਬਾਤ ਸੁਨਾਈ ॥
ਤੁਮ ਕੋ ਲਿਖੀ ਨ ਏਹੁ ਬਡਾਈ ॥੧੯੫॥
'ਧਰਮ ਚੰਦ' ਕਹਿ ਸੁਨੋ ਦਯਾਲਾ ॥
'ਗੁਰ ਨਾਨਕ' ਸੇਵਕ ਪ੍ਰਤਿਪਾਲਾ ॥
ਤਿਨ ਕੀ ਗਾਥ ਕਛ ਲਖੀ ਨ ਜਾਈ ॥
ਨੇਤ ਨੇਤ ਮੁਖ-ਚਾਰ ਬਤਾਈ ॥੧੯੯॥
ਸੁਨੀ ਜੈਸ ਤੁਮ ਅਗ੍ਰ ਸੁਨਾਊ ।
ਹੋਇ 'ਭੂਲ' ਮਮ ਬਖਸ ਕਰਾਊ' ।੨੦੦।

[ਗੁਰ ਬਿਲਾਸ ਪਾਤਸ਼ਾਹੀ ੬, ਧਿਆਇ ੧੯

ਨਾਦੀ+ਬਿੰਦੀ ਸੰਤਾਨ ਗੁਰੂ

ਬੀਬੀ ਭਾਣੀ ਜੀ ਦੀ ਸਾਖੀ

(੧)

ਬਾਵਾ ਸਰੂਪ ਦਾਸ ਜੀ ਨੇ 'ਮਹਿਮਾ ਪ੍ਰਕਾਸ਼'* ਸੰਮਤ ੧੮੩੩ ਵਿਚ ਲਿਖਿਆ ਹੈ। ਬਾਵਾ ਜੀ ਨੇ ਸਾਖੀ ਅਭੇਦ ਭਗਤ 'ਬੀਬੀ ਭਾਣੀ ਜੀ' ਇਸ ਪ੍ਰਕਾਰ ਲਿਖੀ ਹੈ:—

---

*ਏਹ ਪੁਸਤਕ (ਸਾਖੀ ਮਹਿਮਾ ਪ੍ਰਕਾਸ਼) ਸੰਮਤ ੧੯੪੬ (ਵਿਸਾਖ ੧੦) ਵਿਚ ਬਾਬਾ ਖੜਗ ਸਿੰਘ ਜੀ ਨੇ ਫ਼ੀਰੋਜ਼ਪੁਰ ਵਿਚ ਛਪਵਾਈ ਸੀ।

ਚੌਪਈ

ਜਬ ਪਹਰ ਰਾਤ੍ਰ ਹੈ 'ਅੰਮ੍ਰਤ ਵੇਲਾ' ॥
ਗੁਰ ਕਰੈ ਇਸਨਾਨ, ਭਗਤ ਸੁਖ ਕੇਲਾ ॥
ਤਿਸ ਸਮੇ 'ਬੀਬੀ ਜੀ' ਦ੍ਰਸਨ ਕਰੈ ॥
ਗੁਰ ਕੀ ਭਗਤ ਹਿਰਦੇ ਸਦ ਧਰੇ ॥ ੨ ॥
ਏਕ ਰਾਤ੍ਰ ਐਸੀ ਬਿਧ ਭਈ ॥
ਇਸਨਾਨ ਸਮੇ, ਦਰਸਨ ਗੁਰ ਗਈ ॥
ਕਰ ਇਸਨਾਨ, ਪ੍ਰਭ ਭਏ ਅਸੀਨਾ ॥
ਤਿਸ 'ਚੌਕੀ' ਕਾ ਇਕ ਪਾਵਾ ਹੀਨਾ ॥ ੩ ॥
ਪ੍ਰਭ ਤਿਸ ਪਰ ਬੈਠ ਭਏ'ਨਿਜ ਪਦੁ'ਲੀਨਾ ॥
ਇਹੁ ਜੁਗਤ ਕਰੀ 'ਬੀਬੀ' ਪਰਬੀਨਾ ॥
ਵਾਹ ਪਾਵਾ ਤਨਕ ਛੋਟਾ ਮਤ ਝੁਕੈ ॥
ਗੁਰ ਆਸਨ ਹਲੇ, ਸਮਾਧ ਮਤ ਛੁਟੇ ॥ ੪ ॥
ਨਿਜ 'ਕਰ' ਪਾਵੇ ਤਲੇ ਤਬ ਦੀਨਾ ॥
ਹਲੇ ਨ ਚੌਕੀ ਸਤਿਗੁਰੂ ਅਸੀਨਾ ॥
'ਏਕ ਜਾਮ' ਐਸੇ ਬਿਤਾਇਆ ॥
ਜਾਗੇ ਪ੍ਰਭ ਯਹੁ ਜੁਗਤ ਦਿਖਾਇਆ ॥੫॥

ਸੋਰਠਾ

ਇਹ ਜੁਗਤ ਦੇਖ ਗੁਰ ਦਿਆਲ
ਹੋਏ ਪ੍ਰਸੰਨ ਪੂਛਨ ਕਰਾ ॥
ਹੇ ਸੁਤਾ ਜੋ ਤੁਮ ਏਹ ਕਾਲ
ਕਉਨ ਅਰਥ ਕਸਟੈ ਸਹਉ ॥੬॥

ਤੋਮਰ ਛੰਦ

'ਬੀਬੀ' ਉਤ੍ਰ ਇਹ ਦੀਨਾ ॥
ਸੁਨ ਗੁਰ ਸਦਾ ਪ੍ਰਬੀਨਾ ॥
ਮਮ ਦੇਖ ਪਾਵਾ ਛੋਟਾ ॥
'ਕਰ' ਦੀਉ ਭਲੇ ਨਾ ਲੋਟਾ ॥
ਸਤਿਗੁਰ ਜਾਣੀ ਜਾਣੁ ॥
ਮੈ ਅਲਪ ਬੁਧ ਅਜਾਨੁ ॥
ਸੁਨ ਭਗਤ ਬਚਨ ਬਿਨੀਤ ॥
ਪੁਲਕਤ ਬਚਨ ਗੁਰ ਕੀਤ ॥ ੭ ॥
'ਹੇ ਸੁਤਾ' ਪ੍ਰੇਮ ਸੁਜਾਨਾ ॥
ਪਿਤ ਮਾਤ ਤਜ ਮੁਹ ਜਾਨਾ ॥
ਤੁਮਰੀ ਜੁ ਸੰਤਾਨ ਆਹਿ ॥
ਪੂਜੈ ਸਗਲ ਜਗ ਤਾਹਿ ॥ ੮ ॥
ਤੁਮ ਕੁਖ) ਜੋ ਔਤਾਰਾ ॥
ਸਭ ਜਗਤ ਤਾਰਣ ਹਾਰਾ ॥
ਅਭੇਦ ਜਾਨਿਓ ਮੋਹ ॥
ਦੀਓ ਸਫਲ 'ਬਰ' ਮੈ ਤੋਹਿ ॥ ੯ ॥

ਦੋਹਰਾ

ਸਤਿਗੁਰ ਭਏ ਦਿਆਲ
ਅਭੇਦ ਭਗਤ 'ਬੀਬੀ' ਕਰੀ ॥
ਸੁਨ ਗੁਰ ਬਚਨ ਨਿਹਾਲ
ਮਨ ਤਨ ਪ੍ਰਸੰਨ ਹੋਇ ਗ੍ਰਹ ਗਈ ।੧੦॥

[ਸਾਖੀ ਪੂਰਨ ਹੋਈ ੧੧੦

ਚੌਪਈ

ਪੁਨ 'ਬੀਬੀ ਜੀ' ਬਿਨਤੀ ਕੀਨ ॥
ਨਿਮਰ ਭੂਤ ਹੋਇ ਮਨ ਆਧੀਨ ॥ ੨੨ ॥
ਹੇ ਸਤਿਗੁਰ ਕੀਆ ਬਖਸ 'ਗੁਰਆਈ'॥
ਕੋਊ ਸੇਵਕੁ ਸੇਵਾ ਕਰ ਲੈ ਜਾਈ ॥
ਜੋ ਕੀਆ ਬਖਸੁ ਸਤਿਗੁਰ 'ਗੁਰਆਈ' ॥
'ਰਹੇ ਮੇਰੇ ਕੁਲ, ਕਬਹੂੰ ਨ ਜਾਈ' ॥ ੨੩॥
ਪੁਨ ਇਹੁ ਬਚਨ ਦਿਆਲ ਗੁਰ ਕਹੇ ॥
'ਸਦਾ 'ਗੁਰਆਈ' ਤੁਮ ਕੁਲ ਰਹੇ' ॥
ਪਰ ਚਲਤਾ ਸਰ ਨਿਰਮਲ ਤੁਮ ਬੰਧਾ ॥
ਤਾਂ ਤੇ ਤੁਮ ਹੋਇ ਕਲੇਸ਼ ਕੋ ਧੰਧਾ ।੨੪॥

[ਸਾਖੀ ੧੧੩, ਪੰਨਾ ੩੧੭, ੩੧੮

ਨਾਦੀ+ਬਿੰਦੀ ਸੰਤਾਨ ਗੁਰੂ

ਬੀਬੀ ਭਾਨੀ ਜੀ ਦਾ ਪ੍ਰਸੰਗ

(੨)

ਬਿੰਦੀ ਸੰਤਾਨ ਵਿਚ ਗੁਰੂ ਗੱਦੀ ਆਉਣ ਦੀ ਸਾਖੀ, ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਪ੍ਰਕਾਰ ਲਿਖੀ ਹੈ:—

ਚੌਪਈ

ਹੁਇ ਪ੍ਰਸੰਨ 'ਬਰ' ਦਿਯੋ ਸੁਜਾਨਾ ॥
'ਸੰਤਤ ਤੇਰੀ' ਬਧੈ ਮਹਾਨਾ ॥
ਸਕਲ ਜਗਤ ਕੀ ਹੋਵਹਿ ਪੂਜ ॥
ਜੈਸੇ ਬਢਹਿ ਚੰਦ੍ਰਮਾ ਦੂਜ ॥ ੩੯ ॥

ਬਢ ਐਸ਼੍ਵਰਜ ਬਧਹਿ ਤਿਨ ਆਗੈ ॥
ਜੋ ਤਿਨ ਸੇਵਹਿ ਸੇ ਵਡਭਾਗੇ ॥
'ਆਗੈ 'ਬੰਸ'. ਬਿਖੈ ਨਿਪਜੈ ਹੈ'॥
ਮਹਾਬਲੀ ਸੋ ਜਗ ਮਹਿ ਹ੍ਵੈ ਹੈ ॥੪੦॥
ਸ਼ਸਤ੍ਰ ਗਹੇ ਦੁਸ਼੍ਟਨ ਕੋ ਘਾਵੈਂ ॥
ਅਪਨੋ ਅਧਕ ਪ੍ਰਤਾਪ ਬਧਾਵੈਂ ॥
ਪਰਮ ਧਰਮ 'ਪੀਰੀ ਅਰ ਮੀਰੀ' ॥
ਧਰਹਿ ਆਪ ਦੇ ਅਪਰ ਤਗੀਰੀ ॥੪੧॥
ਕਲਜੁਗ ਮਹਿ ਜਹਿਂ ਕਹਿਂ "ਜੈਕਾਰੋ"॥
ਕਰਹਿ ਉਧਾਰਨ ਨਰਨ, ਹਜਾਰੋ ॥
'ਸੋਢ ਬੰਸ' ਕਹੁ ਬਹੁ ਬਡਿਆਈ ॥
ਤੈਂ ਕਰ ਭਗਤ ਭਲੇ ਅਬ ਪਾਈ ॥੪੨॥
ਤੀਨੋ ਕਾਲ ਬਿਖੈ ਤੁਝ ਜੈਸੀ ॥
ਹੁਈ, ਨ ਹੈ, ਹੋਵਹਿ ਗੀ, ਐਸੀ ॥
ਪਿਤਾ ਗੁਰੂ, ਜਗ ਗੁਰ ਹੁਇ ਕੰਤ ॥
ਪੁਤ੍ਰ ਗੁਰੂ, ਹੁਇ ਪੋਤ੍ਰ ਮਹੰਤ ॥੪੩॥
ਕਿਯਾ ਅਬ ਕਹੈ ਤੋਰ ਵਡਿਆਈ ॥
ਜਿਸ ਕੀ ਸਮ ਕੋ ਹ੍ਵੈ ਨ ਸਕਾਈ ॥
ਅਤਿ ਪ੍ਰਸੰਨ ਸ੍ਰੀ ਅਮਰ ਕ੍ਰਿਪਾਲ ॥
ਇਤਯਾਦਿਕ 'ਬਰ' ਦਿਯੋ ਬਿਸਾਲ॥ ੪੪ ॥ [ਰਾਸ ੧, ਅੰਸੂ ੬੫

(੫੦)

ਨਾਦੀ+ਬਿੰਦੀ ਸੰਤਾਨ ਗੁਰੂ

(੩)

ਗਿਆਨੀ ਗਿਆਨ ਸਿੰਘ ਜੀ ਨਿਰਮਲੇ ਗੁਰੂ ਅਮਰਦਾਸ ਜੀ ਦੇ ਵਰ ਨੂੰ ਧਿਆਨ ਰਖਦੇ ਹਏ 'ਨਿਰਮਲ ਪੰਥ ਪ੍ਰਦੀਪਕਾ' ਵਿਚ ਲਿਖਦੇ ਹਨ:—

(ਪ੍ਰਸ਼ਨ)—ਗੱਦੀ ਗੁਰਿਆਈ ਸ਼ਕਤੀ ਖਾਲਸੇ ਮੇਂ ਕੈਸੇ ਇਸਥਿਤ ਹੈ ?

(ਉਤਰ)—ਜਬ ਗੁਰੂ ਅਮਰਦਾਸ ਜੀ ਨੇ ਏਕ ਸਮੇਂ ਗੁਰੂ ਅਰਜਨ ਸਾਹਿਬ ਕੋ ਬਾਲ ਅਵਸਥਾ ਮੇਂ ਅਪਣੀ ਗੋਦ ਮੇਂ ਲੇਕਰ ਬਰ ਦੀਆ ਥਾ 'ਤੂੰ ਬਡਾ ਭਾਰਾ ਗੁਰੂ ਹੋਵੇਂਗਾ' ਉਸ ਵਕਤ 'ਬੀਬੀ ਭਾਨੀ ਜੀ' ਨੇ ਜਿਸਨੇ ਅਪਨੇ ਪਿਤਾ ਗੁਰੂ ਕੋ ਸੇਵਾ ਕਰਕੇ ਪਰਸੰਨ ਕਰ ਰੱਖਾ ਥਾ 'ਬਰ' ਮਾਂਗ ਲੀਆ "ਹੇ ਭਗਵਨ ਆਪ ਕੇ ਬਚਨ ਸੇ 'ਹਮੇਸ਼' ਇਸੀ 'ਸੋਢ ਬੰਸ' ਵਿਖੇ ਗੱਦੀ ਗੁਰਿਆਈ ਔਰ ਗੁਰੂ ਕੀ ਜੋਤਿ ਬਣੀ ਰਹੇ।" ਏਸੇ ਬਚਨ ਦੀ ਪਾਲਣਾ ਵਾਸਤੇ ਸ੍ਰੀ ਕਲਗੀਧਰ ਦਸਮੇਂ ਪਾਤਸ਼ਾਹ ਜੀ ਨੇ ਭਵਿੱਖਤ ਬੀਚਾਰ ਕਰ ਅਪਨੇ ਨਾਦੀ ਪੁੱਤ੍ਰ ਪੰਥ ਖਾਲਸੇ ਕੋ ਅਪਨਾ ਸਰੂਪ ਬਨਾਕੇ ਪਹਿਲੇ ਆਪ ਪੰਜਾਂ ਪਿਆਰਿਆਂ ਕੋ ਖੰਡੇ ਦਾ ਅੰਮ੍ਰਿਤ ਛਕਾਇ ਕੇ ਫਿਰ ਆਪ ਉਨ ਸੈਂ ਛਕਿਆ। ਸਬ ਸਿਖਾਂ ਕੋ 'ਸੋਢ ਬੰਸ ਛਤ੍ਰੀ ਬਰਣ' ਭ੍ਰਿੰਗੀ ਕੀਟ ਸਮ ਅਪਣੀ 'ਜਾਤਿ' ਬਨਾ ਲੀਆ।"

[ਸਾਖੀ ਦਸਵੀਂ ੧੦, ਪੰਨਾ ੫੧

ਨਾਦੀ+ਬਿੰਦੀ ਸੰਤਾਨ ਗੁਰੂ

(੪)

ਭਾਈ ਗੁਰਦਾਸ ਜੀ ਗੁਰੂ ਵਰ ਅਨੁਸਾਰ ਲਿਖਦੇ ਹਨ:—

ਫਿਰ ਆਈ ਘਰ ਅਰਜਨੇ
ਪੁਤ ਸੰਸਾਰੀ ਗੁਰੂ ਕਹਾਵੈ ॥
ਜਾਣ ਨ ਦੇਸਾਂ 'ਸੋਢੀਓਂ'
ਹੋਰਸ ਅਜਰ ਨ ਜਰਿਆ ਜਾਵੈ ॥
ਘਰ ਕੀ ਵੱਥ ਘਰੇ ਰਹਾਵੈ ॥ [ਵਾਰ ੧,ਪਉੜੀ ੪੭

ਏਹ ਵਰ* ਬੀਬੀ ਭਾਨੀ ਜੀਨੂੰ 'ਗੁਰ ਭਗਤੀ' ਕਰਕੇ ਮਿਲਿਆ। ਗੁਰੂ ਰਾਮਦਾਸ ਜੀ ਜਾਂ ਗੁਰੂ ਅਰਜਨਦੇਵ ਜੀ ਨੂੰ ਨਹੀਂ ਮਿਲਿਆ। 'ਮੇਦਨੀ' ਦੀ ਪੁਕਾਰ ਨਾਲ 'ਗੁਰ ਅਵਤਾਰ' ਹੋਇਆ, ਤੇ ਬੀਬੀ ਭਾਨੀ ਜੀ ਦੀ ਮੰਗ ਨਾਲ ਗੁਰਿਆਈ ਬੀਬੀ ਭਾਨੀ ਜੀ ਦੀ ਸੰਤਾਨ ਵਿਚ ਹੋ ਤੁਰੀ। 'ਗੁਰ ਕੀ ਦਾਤ' ਜਾਂ 'ਗੁਰ ਵਰ' ਅਨੁਸਾਰ ਏਹ ਸ਼ਰਤ ਕਿ 'ਸਦਾ ਸੋਢੀ ਸੰਤਾਨ ਗੁਰੂ ਹੋਵੇ' ਗੁਰਿਆਈ ਨਾਲ ਲਗ ਗਈ। ਤਾਹੀਂ ਤਾਂ ੬ ਪੀੜੀਆਂ ਸੋਢੀ ਸੁਲਤਾਨ ਗੁਰੂ ਹੋਏ।

---

*Mr. Macauliffe writes in 'The Sikh Religion'' Vol II Page 143—144:—

Bibi Bhani after her marriage continued to attend on her father...He invited her to ask a favour. Her request was that the Guruship should remain in her family. He blessed her.

ਨਾਦੀ+ਬਿੰਦੀ ਸੰਤਾਨ ਗੁਰੂ

ਸ੍ਰੀ ਗੁਰੂ ਅਰਜਨ ਦੇਵ ਜੀ

ਸਿੱਖ ਇਤਿਹਾਸ ਵਿਚ ਲਿਖਿਆ ਹੈ ਕਿ ਗੁਰੂ ਵਰ ਅਨੁਸਾਰ ਪਿਛੋਂ ਮੁੜ ਪਰੀਵਰਤਨ ਹੋਇਆ। ਤਿੰਨ ਗੁਰੂ ਪੀੜ੍ਹੀਆਂ ਤੱਕ ਗੁਰੂ ਪੁਤ੍ਰਾਂ ਨੂੰ ਗੁਰ ਗੱਦੀ ਨ ਮਿਲੀ। ਗੁਰ ਸਿਖ,ਗੁਰਮੁਖ ਨਿਕਲੇ। ਪਰ ਪਿਛੋਂ ਗੁਰ ਅਰਜਨ ਦੇਵ ਜੀ ਗੁਰੂ ਪੁਤ੍ਰ ਗੁਰਮੁਖ ਸਿਖ ਹੋਏ। ਨਾਦੀ ਸੰਤਾਨ ਤੇ ਬਿੰਦੀ ਸੰਤਾਨ ਮਿਲਕੇ ਤੁਰੀ। ਭਾਵ ਇਕ ਵਿਯਕਤੀ ਵਿਚ ਦੋਨੋਂ ਬਾਤਾਂ ਮਿਲ ਗਈਆਂ। ਜਿਸ ਪਦਾਰਥ ਨੂੰ ਬਾਬਾ ਸਿਰੀ ਚੰਦ ਜੀ, ਬਾਬਾ ਲੱਖ਼ਮੀ ਦਾਸ ਜੀ, ਬਾਬਾ ਦਾਤੂ ਜੀ, ਬਾਬਾ ਦਾਸੂ ਜੀ, ਬਾਬਾ ਮੋਹਨਜੀ ਅਤੇ ਬਾਬਾ ਮੋਹਰੀ ਜੀ ਪ੍ਰਾਪਤ ਨ ਕਰਸਕੇ,ਉਹ ਵਸਤ ਗੁਰੂ ਅਰਜਨ ਦੇਵ ਜੀ ਨੇ ਪਾਈ। ਇਹ ਗੁਰਮੁਖਤਾ ਦੀ ਵਡਿਆਈ ਹੈ। ਸੋਢ ਬੰਸ ਵਿਚ ਹੀ ਪੁਤ੍ਰ ਪਨ, ਸਿਖ ਪਨ ਅਤੇ ਗੁਰੂ ਪਨ ਇਕੱਠਾ ਹੋਕੇ ਤੁਰਿਆ। ਅੱਗੇ ਏਹ ਗੁਰ ਪੁਤ੍ਰ ਤੇ ਗੁਰਮੁਖ ਸਿਖ ਦਾ ਪ੍ਰਸ਼ਨ ਸੀ। ਹੁਣ ਪਰਸਪਰ ਗੁਰ ਪੁਤ੍ਰਾਂ ਦਾ ਸ਼ਰੀਕੇ ਦਾ ਸਵਾਲ ਬਣਿਆ। ਪਰ ਗੁਰਿਆਈ ਸਦਾ ਗੁਰਮੁਖਤਾ ਨਾਲ ਹੀ ਰਹੀ। ਇਹ ਨਾਮ ਧਨ ਸ਼ਰੀਕੇ ਦੀ ਸ਼ੈ ਨਹੀਂ। ਬਾਬਾ ਪ੍ਰਿਥੀ ਚੰਦ ਜੀ ਤੇ ਬਾਬਾ ਮਹਾਂ ਦੇਵ ਜੀ ਗੁਰੂ ਗੱਦੀ ਪ੍ਰਾਪਤ ਨ ਕਰ ਸੱਕੇ। ਇਹ ਜ਼ੋਰ ਤੇ ਬਖੀਲੀ ਦੀ ਚੀਜ਼ ਨਹੀਂ। ਇਹ ਗੁਰੂ ਸੇਵਾ ਨਾਲ ਮਿਲਦੀ ਹੈ। ਇਹ ਗੁਰੂ ਮਿਹਰ ਨਾਲ ਪ੍ਰਾਪਤ ਹੁੰਦੀ ਹੈ।ਸ੍ਰੀ ਗੁਰ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ 'ਗੁਰੂ' ਹੋਣ ਦੇ ਇਹ ਪ੍ਰਮਾਨ ਮਿਲਦੇ ਹਨ। ਇਹ ਪ੍ਰਮਾਨ ਸ੍ਰੀ

ਮੈਂ ਇਕਾ ਸੈਂ ਕੀ
ਕਿ ਏਥੇ ਰਹਿ ਪਰਤਾਂ। ਤੁਹਾਡੇ ਸ.ਪ.
ਦਸਖ਼ਤ

ਗੁਰੂ ਅਰਜਨ ਦੇਵ ਜੀ ਦੀ ਆਗਿਆ ਨਾਲ ਭਾਈ ਗੁਰਦਾਸ ਜੀ ਭੱਲੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਰਾਮਸਰ ਵਾਲੀ ਬੀੜ' ਵਿਚ ਚੜ੍ਹਾਏ। ਇਹ ਹੁੰਦੇ ਗੁਰ ਦੀ ਮਹਿਮਾ* ਹੈ।

'ਤਖਤਿ' ਬੈਠਾ 'ਅਰਜਨ' ਗੁਰੂ
ਸਤਿਗੁਰ ਕਾ ਖਿਵੈ 'ਚੰਦੋਆ'।
ਚਾਰੇ ਜਾਗੇ ਚਹੁ ਜੁਗੀ
ਪੰਚਾਇਣੁ ਆਪੇ ਹੋਆ ॥ ੮ ॥ ੧ ॥ [ਰਾਮਕਲੀ ਕੀ ਵਾਰ,
[ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ

ਕਲਿ ਸੋਢੀ, ਗੁਰ ਰਾਮਦਾਸ ਤਨੁ
ਧਰਮ ਧੁਜਾ 'ਅਰਜੁਨੁ' ਹਰਿ ਭਗਤਾ ॥ ੬ ॥
[ਸਵਈਏ ਮਹਲੇ ਪੰਜਵੇਂ ਕੇ ੫

ਰਾਮਦਾਸਿ ਗੁਰੂ ਜਗ ਤਾਰਨ ਕਉ,
'ਗੁਰ ਜੋਤਿ' 'ਅਰਜੁਨ' ਮਾਹਿ ਧਰੀ ॥ ੪ ॥
[ਸਵਈਏ ਮਹਲੇ ਪੰਜਵੇਂ ਕੇ ੫

ਕਲਜੁਗਿ 'ਜਹਾਜੁ' 'ਅਰਜੁਨੁ ਗੁਰੂ'
ਸਗਲ ਸ੍ਰਿਸ੍ਟਿ ਲਗਿਬਿ ਤਰਹੁ ॥੨॥ [ਸਵਈਏ ਮਹਲੇ ਪੰਜਵੇਂ ਕੇ ੫
ਜਪ੍ਉ ਜਿਨ੍ 'ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥
[ਸਵਈਏ ਮਹਲੇ ਪੰਜਵੇਂ ਕੇ ੫

'ਗੁਰ ਅਰਜੁਨ' ਸਿਰਿ 'ਛਤ੍ਰ',
ਆਪਿ ਪਰਮੇਸਰਿ ਦੀਅਉ ॥ ੧ ॥ [ਸਵਈਏ ਮਹਲੇ ਪੰਜਵੇਂ ਕੇ ੫

---

*ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ।
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥ ੨੪ ॥
[ਸਲੋਕ ਮਹਲਾ ੪, ਸੋਰਠ ਵਾਰ ਮਹਲਾ ੪

ਗੁਰਿ ਨਾਨਕਿ ਅੰਗਦੁ ਵਰ੍ਉ

ਗੁਰਿ ਅੰਗਦਿ ਅਮਰ ਨਿਧਾਨੁ ॥

ਗੁਰਿ ਰਾਮਦਾਸ 'ਅਰਜੁਨੁ' ਵਰ੍ਉ

ਪਾਰਸੁ ਪਰਸੁ ਪ੍ਰਮਾਨੁ ॥ ੪ ॥[ਸਵਈਏ ਮਹਲੇ ਪੰਜਵੇਂ ਕੇ ੫

'ਜੋਤਿ ਰੂਪਿ' ਹਰਿ ਆਪਿ

ਗੁਰੂ ਨਾਨਕੁ ਕਹਾਯਉ ॥

ਤਾ ਤੇ ਅੰਗਦੁ ਭਯਉ

ਤਤ ਸਿਉ ਤਤੁ ਮਿਲਾਯਉ ॥

ਅੰਗਦਿ ਕਿਰਪਾ ਧਾਰਿ

ਅਮਰੁ ਸਤਿਗੁਰੁ ਥਿਰੁ ਕੀਅਉ ॥

ਅਮਰਦਾਸੁ ਅਮਰਤੁ 'ਛਤ'

ਗੁਰ ਰਾਮਹਿ ਦੀਅਉ ॥

ਗੁਰ ਰਾਮਦਾਸ ਦਰਸਨੁ ਪਰਸਿ

ਕਹਿ 'ਮਥੁਰਾ' ਅੰਮ੍ਰਿਤ ਬਯਣ ॥

'ਮੂਰਤਿ' ਪੰਚ ਪ੍ਰਮਾਣ, ਪੁਰਖੁ

'ਗੁਰ ਅਰਜੁਨੁ' ਪਿਖਹੁ ਨਯਣ ॥੧॥ [ਸਵਈਏ ਮਹਲੇ ਪੰਜਵੇਂ ਕੇ ੫

'ਛਤ੍ਰ' 'ਸਿੰਘਾਸਨੁ' ਪਿਰਥਮੀ

'ਗੁਰ ਅਰਜੁਨ' ਕਉ ਦੇ ਆਇਅਉ ॥[ਸਵਈਏ ਮਹਲੇ ਪੰਜਵੇਂ ਕੇ ੫

ਭਾਈ ਗੁਰਦਾਸ ਜੀ ਭੱਲੇ ਅਪਨੀਆਂ ਵਾਰਾਂ ਵਿਚ ਲਿਖਦੇ ਹਨ:—

ਫਿਰ ਆਈ ਘਰ ਅਰਜਨੇ

ਪੁਤ *'ਸੰਸਾਰੀ' ਗੁਰੂ ਕਹਾਵੈ ॥

---

*ਬਾਬਾ ਆਯਾ ਕਰਤਾਰ ਪੁਰ, ਭੇਖ 'ਉਦਾਸੀ' ਸਗਲ ਉਤਾਰਾ ॥
ਪਹਿਰ 'ਸੰਸਾਰੀ' ਕੱਪੜੇ, ਮੰਜੀ ਬੈਠ, ਕੀਆ ਅਵਤਾਰਾ ॥
[ਵਾਰ ੧, ਪਉੜੀ ੩੮

ਜਾਣ ਨ ਦੇਸਾਂ 'ਸੋਢੀਓ'
*ਹੋਰਸ ਅਜਰ ਨ ਜਰਿਆ ਜਾਵੈ ॥
ਘਰ ਕੀ ਵੱਥ ਘਰੇ ਰਹਾਵੈ ॥ [ਵਾਰ ੧ ਪਉੜੀ ੪੭

ਕਲਿਜੁਗ ਪੀੜ੍ਹੀ ਸੋਢੀਆਂ
'ਨਿਹਚਲ' ਨੀਵ ਉਸਾਰ ਖਲਾਰੀ ।
ਜੁਗ ਜੁਗ ਸਤਿਗੁਰ ਧਰੇ ਅਵਤਾਰੀ । [ਵਾਰ ੧, ਪਉੜੀ ੪੮

ਰਾਮਦਾਸਹੁ 'ਅਰਜਨ ਗੁਰੂ'
ਦਰਸ਼ਨ ਦਰਪਨ ਵਿਚ ਦਿਖਾਯਾ ॥ [ਵਾਰ ੨੪, ਪਉੜੀ ੨੫

ਨਾਦੀ+ਬਿੰਦੀ ਸੰਤਾਨ ਗੁਰੂ

ਸ੍ਰੀ ਗੁਰੂ ਹਰਿ ਗੋਬਿੰਦ ਜੀ

ਗੁਰੂ ਅਮਰ ਵਰ ਦੇ ਪ੍ਰਤਾਪ ਅਨੁਸਾਰ ਘਰ ਦੀ ਵਥ ਘਰ ਵਿਚ ਹੀ ਰਹਿਣ ਲੱਗੀ।ਗੁਰੂ ਅਰਜਨ ਦੇਵ ਜੀਦੇ ਇਕਲੌਤੇ ਵਰਿਆਮ ਪੁਤ੍ਰ ਗੁਰੂ ਹਰਿ ਗੋਬਿੰਦ ਸਾਹਿਬ ਜੀ ਗੁਰਮੁਖ ਸਿਖ ਪੁਤ੍ਰ ਗੁਰੂ ਹੋਏ। ਸੰਪ੍ਰਦਾਈ† ਉਥਾਨਕਾ ਸੁਨਣ ਤੋਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਈ ਸ਼ਬਦ ਸ੍ਰੀ ਗੁਰੂ ਹਰਿ ਗੋਬਿੰਦ

---

*ਸਮਕਾਲੀ ਬੇਦੀ, ਤੇਹਣ, ਭਲੇ ਆਦਿ ।

†ਗਿਆਨੀਚੰਦਾ ਸਿੰਘ ਜੀ ਦੇ ਪ੍ਰਯਾਵਾਂ ਵਿਚ'ਗਿਆਨੀ'ਪਰਨਾਲੀਲਿਖੀ ਹੈ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਲੈਕੇ ਕਲਗੀਧਰ ਜੀ ਦੇ ਸਮੇਂ ਤਕ ਦਾ ਸੰਖੇਪ ਹਾਲ ਭੀ ਮਿਲਦਾ ਹੈ। ਬਾਬਾ ਦੀਪਸਿੰਘ ਜੀ'ਸ਼ਹੀਦ'ਦੇ ਸੰਪ੍ਰਦਾਈ ਗਯਾਨੀ ਦਮਦਮੇ ਸਾਹਿਬ ਹੋਏ ਹਨ। ਇਸਦੇ ਇਤਿਹਾਸ ਲਿਖਨ ਦੀ ਲੋੜ ਹੈ।

ਜੀ ਦੀ 'ਬਾਲ ਲੀਲ੍ਹਾ' ਪ੍ਰਥਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਹਨ:—

'ਹਰਿ ਗੋਬਿੰਦੁ' ਰਖਿਓ ਪਰਮੇਸਰਿ
ਅਪਨੀ ਕਿਰਪਾ ਧਾਰਿ ॥ [ਗੂਜਰੀ ਮਹਲਾ ੫
ਸਦਾ ਅਨੰਦ ਕਰਹੁ ਮੇਰੇ ਪਿਆਰੇ
'ਹਰਿ ਗੋਵਿਦੁ' ਗੁਰਿ ਰਾਖਿਆ ॥ [ਸੋਰਠਿ ਮਹਲਾ ੫
ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ
'ਹਰਿ ਗੋਵਿਦੁ' ਨਵਾ ਨਿਰੋਆ॥ ੧ ॥ [ਸੋਰਠਿ ਮਹਲਾ ੫
'ਹਰਿ ਗੋਵਿਦ' ਪ੍ਰਭਿ ਰਾਖਿਆ ॥
ਜਨ ਨਾਨਕ ਸਾਚੁ ਸੁ ਭਾਖਿਆ ॥੨॥ [ਸੋਰਠਿ ਮਹਲਾ ੫
ਸੀਤਲਾ ਤੇ ਰਖਿਆ 'ਬਿਹਾਰੀ' ॥ [ਗਉੜੀ ਮਹਲਾ ੫
ਰਾਖਨ ਹਾਰੈ ਰਾਖਿਓ ਬਾਰਿਕੁ
ਸਤਿਗੁਰਿ ਤਾਪੁ ਉਤਾਰਿਆ॥ ੧ ॥ [ਸੋਰਠਿ ਮਹਲਾ ੫
ਸਤਿਗੁਰ ਸਾਚੈ ਦੀਆ ਭੇਜਿ ... ...
ਵਧੀ ਵੇਲਿ ਬਹੁ ਪੀੜੀ ਚਾਲੀ ॥ ੩ ॥ [ਆਸਾ ਮਹਲਾ ੫
ਵਡੀ ਆਰਜਾ'ਹਰਿ ਗੋਬਿੰਦ' ਕੀ [ਬਿਲਾਵਲੁ ਮਹਲਾ ੫
ਲੇਪੁ ਨ ਲਾਗੋ ਤਿਲਕਾ ਮੂਲਿ ॥ [ਭੈਰਉ ਮਹਲਾ ੫

ਭਾਈ ਗੁਰਦਾਸ ਜੀ ਭਲੇ ਲਿਖਦੇ ਹਨ:—

ਅਰਜਨ ਕਾਇਆਂ ਪਲਟ ਕੈ
'ਮੂਰਤ' 'ਹਰਿ ਗੋਬਿੰਦ' ਸਵਾਰੀ।
ਚਲੀ ਪੀੜ੍ਹੀ 'ਸੋਢੀਆਂ'
ਰੂਪ ਦਿਖਾਵਣ 'ਵਾਰੋ ਵਾਰੀ' ॥ [ਵਾਰ ੧, ਪਉੜੀ ੪੮
'ਹਰਿ ਗੋਵਿੰਦ' ਗੁਰੁ ਅਰਜਨਹੁ

ਆਦਿ ਪੁਰਖ ਆਦੇਸ਼ ਕਰਾਯਾ ॥
ਸੁੱਝੈ ਸੁੱਝ ਨ ਲੁਕੈ ਲੁਕਾਯਾ ॥ [ਵਾਰ ੨੬, ਪਉੜੀ ੩੪
ਹਰਿ ਗੋਵਿੰਦ ਗੁਰ 'ਛਤ੍ਰ' 'ਚੰਦੋਆ' ॥ [ਵਾਰ ੨੯, ਪਉੜੀ ੪

ਪਰਚਲਿਤ ਸਿਖ ਇਤਿਹਾਸ ਵਿਚ ਲਿਖਿਆਹੈ, ਕਿ ਸ੍ਰੀਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਭੀ ਕੁਝ *ਸਾਂਗ ਵਰਤਿਆ। ਸਾਂਗੈ ਅੰਦਰ ਸਾਬਤਾ ਜਿਸ ਗੁਰੂ ਸਹਾਈ। ਗੁਰੂਜੀ ਨੇ ਸੇਲੀਟੋਪੀ ਦੀ ਥਾਂ ਮੀਰੀਪੀਰੀ ਦੀਆਂ ਦੋ ਕ੍ਰਿਪਾਨਾਂ ਧਾਰੀਆਂ। ਸਤਿਗੁਰ ਅਸੁਰ ਸੰਘਾਰ ਰੂਪ ਧਾਰਿਆ। ਖੱਤ੍ਰੀ ਧਰਮ ਪਾਲਨ ਕੀਤਾ। ਨਾਮ ਰਸ ਨਾਲ ਬੀਰ ਰਸ ਮਿਲਿਆ। ਗੁਰਮੁਖ ਸਿਖ+ ਸੋਢੀ ਪੁਤ੍ਰ+ ਦੋਕਰਪਾਨਧਾਰੀ ਗੁਰੂ, ਰੂਪ ਧਾਰਨ ਕੀਤਾ। ਇਹ ਇਕ ਜੋਤਿ ਤੇ ਇਕ ਜੁਗਤਿ ਹੀ ਹੈ। ਗੁਰਬਾਣੀ ਅੰਤਰਗਤ ਵਾਰਾਂ ਦੀਆਂ ਧੁਨਾਂ ਬੀਰ ਰਸ ਅਨੁਸਾਰ ਦਰਜ਼ਾਈਆਂ ਗਈਆਂ। ਗੁਰਬਾਣੀ ਦਾ ਬੀਰ ਰਸ ਵਿਚ ਅਲੌਕਿਕ ਰਸ ਸਿਖ ਸੰਗਤਿ ਨੂੰ ਮਿਲਿਆ। ਕੀਰਤਨ ਵਿਚ ਬੀਰ ਰਸ, ਰਬਾਬੀ, ਰਾਗੀ ਨਾਲ ਢਾਢੀ ਆਏ। ਚਰਨ ਪਾਹੁਲੀ ਸਿਖ ਸੰਗਤ ਨੇ ਕਈ ਜੁਧ ਕੀਤੇ। ਭਾਈ ਬਿਧੀਆ, ਭਾਈ ਪੈੜਾ, ਭਾਈ ਪਿਰਾਣਾ ਤੇ ਭਾਈ ਜੇਠਾ ਚਾਰੋ ਸਿਖ ਸੈਨਾਪਤਿ ਕੀਤੇ।' ਹਰ ਮੈਦਾਨ ਜਿਤਪ੍ਰਾਪਤ ਕੀਤੀ। 'ਇਕੁ ਉਤਮ ਪੰਥੁਸੁਨਿਓ ਗੁਰ ਸੰਗਤਿ, ਤਿਹ ਮਿਲੰਤ 'ਜਮਤ੍ਰਾਸ'ਮਿਟਾਈ‡ ॥ ਸਿੱਧਕਰਦਿਖਾਇਆ। ਚਰਣੋਦਕਦੀਮਹਿਮਾਭਾਈ ਗੁਰਦਾਸਜੀਨੇ ਅਪਨੀ ਵਾਰ ੨੩ ਵਿਚ ਲਿਖੀ ਹੈ। ਸਿਖਾਂ ਨੇ ਵਰਨ ਘਾਲ ਦੀ

---

*ਵਾਰ ੨੬, ਪਉੜੀ ੨੪। †ਵਾਰ ੩੫, ਪਉੜੀ ੨੩।
‡ਸਵਈਏ ਮਹਲਾ ੪.।

ਮਹਿਮਾ ਸਫਲ ਕਰ ਦਿਖਾਈ। ਸਿਖਪੈਰੀ ਪੈਣਾ *ਕਰਦੇ ਸਨ ਤੇ ਮੱਥ ਟਿੱਕਾ ਲਾਲ ਲਾਉਂਦੇ ਸਨ। ਗਰੀਬੀ ਗਦਾ ਖੂਬ ਬਨੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਨ ਪਿਛੋਂ 'ਸ੍ਰੀ ਗੁਰੂ ਅਮਰ ਕ੍ਰਿਪਾਲ'ਜੀਦੇ ਵਰ ਅਨੁਸਾਰ ਸ੍ਰੀਗੁਰੂਹਰਿਰਾਇ ਜੀ†, ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ‡,ਸ੍ਰੀ ਗੁਰੂ ਤੇਗ ਬਹਾਦਰ ਜੀ§ ਸ੍ਰੀ ਗੁਰੂ ਗੋਬਿੰਦ ਸਿੰਘ ਜੀ|| ਵਾਰੋ ਵਾਰੀ ਇਕ ਪਿਛੋਂ ਦੂਜੇ ਸੋਢੀ ਸੰਤਾਨ ਗੁਰਮੁਖ ਪੁਤ੍ਰ ਦੋ ਕਿਰਪਾਨ ਧਾਰੀ ਗੁਰੂ ਹੋਏ । ਬਿੰਦੀ ਸੰਤਾਨ ਛੀ ਸੋਢੀ ਪੀੜੀਆਂ ਜਾਂ ਗੁਰੂ ਗੱਦੀਆਂ ਤਕ ਅਭੰਗਤੁਰੀ। ਬਿੰਦੀ ਸੰਤਾਨ ਤਨ ਜਾਂ ਕਾਇਆ ਦਾ ਸੁਆਲ ਹੈ। ਏਹ ਸਭ ਬਿੰਦੀ ਸੰਤਾਨ ਗੁਰੂ ਭੀ ਪਰਤੱਖ ਮਾਨਸ ਮੂਰਤਿ ਜਾਂ ਮਾਨੁਖ ਦੇਹ ਧਾਰੀ ਗੁਰੂ ਹੋਏ ਹਨ । ਗੁਰਮੁਖ ਸਿਖ ਸਤਿਗੁਰਾਂ ਨੂੰ ਪਾਰਬ੍ਰਹਮ ਕਰਕੇ ਮੰਨਦੇ ਹਨ ।

---

*ਪੈਰੀਂ ਪਵਣਾ ਜਗ ਵਰਤਾਯਾ ॥ [ਵਾਰ ੧, ਪਉੜੀ ੨੩

ਸ੍ਰੀ ਗੁਰਦੇਵ ਸਮੇਵ ਸੁ ਸੰਗਤਿ, ਪੈਰੀ ਪਏ ਭਾਈ ਪੈਰੀ ਪਏ ਹੈਂ ॥ ੫੫੪ ॥ [ਸਵੱਯਾ ਭਾਈ ਗੁਰਦਾਸ ਜੀ

†ਹਰੀ ਰਾਇ ਤਿਹ ਠਾਂ ਬੈਠਾਰੇ ॥

‡ਹਰੀ ਕਿਸਨਿ ਤਿਨਕੇਸੁਤ ਵਏ ।

§ਤਿਨਤੇ ਤੇਗ ਬਹਾਦਰ ਭਏ ॥ ੧੨ ॥ [ਬਚਿਤ੍ਰ ਨਾਟਕ ਪਾਤਸ਼ਾਹੀ ਬਰਨੰਨ ਨਾਮ, ਪੰਚਮੋ ਧਿਆਇ

||ਰਾਜ ਸਾਜ ਹਮ ਪਰ ਜਬ ਆਯੋ। [ਬਚਿਤ੍ਰ ਨਾਟਕ ਧਿਆਇ ੮

ਬਿੰਦੀ ਸੰਤਾਨ ਗੁਰੂ ਅਭੇਦਤਾ

ਸਿਖ ਸਿੱਧਾਂਤ ਅਨੁਸਾਰ ਬਿੰਦੀ ਸੰਤਾਨ ਗੁਰੂ ਭੀ 'ਇਕ ਜੋਤਿ' ਅਭੇਦ ਮੰਨੇ ਜਾਂਦੇ ਹਨ। ਨਾਦੀ ਸੰਤਾਨ ਗੁਰੂ ਅਭੇਦਤਾ ਲਈ ਦੀਪ ਜੋਤਿ ਦਾ ਦ੍ਰਿਸ਼ਟਾਂਤ ਵਰਤਿਆ ਜਾਂਦਾ ਹੈ, ਪਰ ਬਿੰਦੀ ਸੰਤਾਨ ਦੀ ਅਭੇਦਤਾ ਦੱਸਣ ਵੇਲੇ 'ਫਲ ਦ੍ਰਮ' ਦਾ ਦ੍ਰਿਸ਼ਟਾਂਤ ਵਰਤਦੇ ਹਨ। ਭਾਈ ਗੁਰਦਾਸ ਜੀ ਲਿਖਦੇ ਹਨ:—

ਦੋਹਰਾ

'ਫਲ ਦ੍ਰਮ' ਗੁਰੁ ਸਿੱਖ ਸੰਧਿ ਗਤਿ
ਆਦਿ ਅੰਤ ਬਿਸਮਾਦ ।
ਅੰਤ ਅਨੰਤ ਨ ਜਾਣੀਐ
ਆਦਿ ਪਰਮ ਪਰਮਾਦ ।੧੭॥ [ਕਬਿਤ ਸਵੱਯੇ
ਰਾਮਦਾਸਹੁ ਅਰਜਨ ਗੁਰੂ
ਅੰਮ੍ਰਿਤ 'ਬ੍ਰਿਖ' ਅੰਮ੍ਰਿਤ 'ਫਲ' ਲਾਯਾ। [ਵਾਰ ੨੬, ਪਉੜੀ ੩੪

'ਨਾਦੀ ਤੇ ਬਿੰਦੀ' ਗੁਰੂ ਅਭੇਦਤਾ

'ਗੁਰਬਾਣੀ' ਵਿਚ ਹਰ ਦੋ ਨਾਦੀ ਤੇ ਬਿੰਦੀ ੯ ਜਾਨਸ਼ੀਨ ਗੁਰੂ ਸਾਹਿਬਾਂ 'ਇਕ ਜੋਤਿ' 'ਇਕ ਜੁਗਤਿ' 'ਇਕ ਰੂਪ' ਮੰਨੇ ਜਾਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਬਚਿੱਤ੍ਰ ਨਾਟਕ ਗ੍ਰੰਥ ਦੀ 'ਛੋਟ ਕਥਾ' ਵਿੱਚ 'ਅਪਨੀ ਕਥਾ' ਇਸ ਪ੍ਰਕਾਰ ਲਿਖਦੇ ਹਨ:—

ਚੌਪਈ

ਸ੍ਰੀ ਨਾਨਕ, ਅੰਗਦਿ ਕਰਿ ਮਾਨਾ ।
ਅਮਰਦਾਸ, ਅੰਗਦ ਪਹਿਚਾਨਾ ।

ਅਮਰਦਾਸ, ਰਾਮਦਾਸ ਕਹਾਯੋ ।
'ਸਾਧਨਿ' ਲਖਾ, 'ਮੂੜ' ਨਹਿ ਪਾਯੋ ।੯।
ਭਿੰਨ ਭਿੰਨ 'ਸਭਹੂੰ' ਕਰਿ ਜਾਨਾ ।
'ਏਕ ਰੂਪ', ਕਿਨਹੂੰ ਪਹਿਚਾਨਾ ।
ਜਿਨ ਜਾਨਾ ਤਿਨਹੀ 'ਸਿਧ' ਪਾਈ ।
ਬਿਨ ਸਮਝੇ 'ਸਿਧ' ਹਾਥਿ ਨ ਆਈ ।੧੦।
ਰਾਮਦਾਸ ਹਰਿ ਸੋ ਮਿਲ ਗਏ ।
'ਗੁਰਤਾ' ਦੇਤ ਅਰਜਨਹਿ ਭਏ ।
ਜਬ ਅਰਜਨ 'ਪ੍ਰਭ ਲੋਕ' ਸਿਧਾਏ ।
ਹਰਿ ਗੋਬਿੰਦ ਤਿਹ ਠਾਂ ਠਹਰਾਏ ।੧੧।
ਹਰਿ ਗੋਬਿੰਦ 'ਪ੍ਰਭ ਲੋਕ' ਸਿਧਾਰੇ ।
ਹਰੀਰਾਇ ਤਿਹ ਠਾਂ ਬੈਠਾਰੇ ।
ਹਰੀਕਿਸਨਿ ਤਿਨ ਕੇ ਸੁਤ ਵਏ ।
ਤਿਨ ਤੇ ਤੇਗ ਬਹਾਦਰ ਭਏ ॥ ੧੨ ॥

[ਪਾਤਸ਼ਾਹੀ ਬਰਨਨੈ ਧਿਆਇ ੫

'ਰਾਜ'* ਸਾਜ 'ਹਮ'† ਪਰ ਜਬ ਆਯੋ ।
ਜਥਾ ਸਕਤ ਤਬ 'ਧਰਮ' ਚਲਾਯੋ । [ਧਿਆਇ ੮

ਸਭਨਾਂ ਮੂੜਾਂ ਭਿੰਨ ਭਿੰਨ ਕਰਕੇ ਜਾਤਾ । ਪਰ ਬਾਬਾ ਬੁਢਾ ਜੀ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਆਦਿਕ ਅਨੇਕ ਸਿੱਖਾਂ ਨੇ 'ਇਕ ਜੋਤਿ' ਕਰਕੇ ਪਹਿਚਾਨਿਆ। ਏਸੇ ਲਈ ਉਹਨਾ ਨੇ ਸਿਧੀ ਤੇ ਸਿਖੀ ਪਾਈ। ਦਸਾਂ ਗੁਰਾਂ ਵਿਚ 'ਭਿੰਨ ਭੇਦ' ਆਖਣ ਵਾਲੇ ਗੁਰੂ ਖਾਲਸਾ ਪੰਥ ਦੀ ਜਥੇਬੰਦੀ ਨੂੰ ਨੁਕਸਾਨ

---

*ਸ੍ਰੀ ਗੁਰੂ ਰਾਜ। †ਪਾਤਸ਼ਾਹੀ ੧੦। Patna born poet

[illegible]

ਪਹੁੰਚਾਨ ਦੀ ਨੀਯਤ ਨਾਲ ਐਸਾ ਆਖਦੇ ਹਨ । ਇਕ ਰੂਪ ਏਕਤਾ ਨੂੰ ਸਦਾ ਅਟੱਲ ਰੱਖਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ* ਲਿਖਿਆ ਹੈ:—

ੴ ਵਾਹਿਗੁਰੂ ਜੀ ਕੀ ਫਤੇ ॥
ਸ੍ਰੀ ਭਗਉਤੀ ਜੀ ਸਹਾਇ ॥
'ਵਾਰ' ਸ੍ਰੀ ਭਗਉਤੀ ਜੀ ਕੀ ॥
ਪਾਤਸਾਹੀ ੧੦ ॥

ਪ੍ਰਿਥਮ ਭਗੌਤੀ ਸਿਮਰ ਕੈ, ਗੁਰ ਨਾਨਕ ਲਈਂ ਧਿਆਇ ॥
ਫਿਰ ਅੰਗਦ ਗੁਰ ਤੇ ਅਮਰਦਾਸ, ਰਾਮਦਾਸੈ ਹੋਈ ਸਹਾਇ ॥
ਅਰਜਨ ਹਰਿਗੋਬਿੰਦ ਨੂ ਸਿਮਰੌ ਸ੍ਰੀ ਹਰਿ ਰਾਇ ॥
ਸ੍ਰੀ ਹਰਿ ਕ੍ਰਿਸਨ ਧਿਆਈਐ, ਜਿਸੁ ਡਿੱਠੇ ਸਭ ਦੁਖ ਜਾਇ ॥
ਤੇਗ ਬਹਾਦਰ ਸਿਮਰੀਐ, ਘਰ ਨਉਨਿਧ ਆਵੈ ਧਾਇ ॥
ਸਭ ਥਾਈਂ ਹੋਇੰ ਸਹਾਇ ॥ ੧ ॥

ਜੋ ਇਸ ਅਰਦਾਸ ਵਿਚ ਬਦਲੀ ਸਦਲੀ ਕਰਦੇ ਹਨ, ਓਹ ਗੁਰੂ ਆਸ਼ੇ ਵਿਰੁਧ ਗੁਰੂ ਖਾਲਸਾ ਪੰਥ ਵਿਚ ਫੁਟ ਪਾਉਣ ਲਈ ਕਰਦੇ ਹਨ । ਗੁਰ ਚੌਥੀ ਪੀੜੀ ਸਭਨਾਂ ਨੂੰ ਤਾਰ ਦਿਤਾ । ਸੋ ਗੁਰੂ ਖਾਲਸਾ ਪੰਥ ਇਕ ਪੰਥ ਹੈ । ਇਕ ਪੰਥ ਦੀ ਇਕ ਜੱਥੇਬੰਦੀ ਹੈ । ਏਹ ਇਕ (ਏਕੰਕਾਰ) ਸਿੱਧਾਂਤ ਦਾ ਪ੍ਰਕਾਸ਼ ਤੇ ਵਿਕਾਸ਼ ਹੈ ।

ਅਬਿਚਲ ਨੀਵ ਧਰੀ ਗੁਰ ਨਾਨਕ
ਨਿਤ ਨਿਤ ਚੜੈ ਸਵਾਇਐ ॥ ੨ ॥
(ਅਙੂੰ) ਗੂਜਰੀ ਮਹਲਾ ੫

---

*ਅਥ 'ਕਬਿ' ਜਨਮ ਕਥਨੰ । [ਬਚਿਤ੍ਰ ਨਾਟਕ ਧਿਆਇ ੭
ਪ੍ਰਥਮੇ 'ਚੇਥਿ ਚਰਿੱਤ੍ਰ' ਕੋ ਕਹਾ ॥੧੦॥ [ਬਚਿਤ੍ਰ ਨਾਟਕ ਧਿਆਇ ੧੪

ਸਿੱਖ ਇਤਿਹਾਸ ਨਸ਼ਟ ਕਿਵੇਂ ਹੋਇਆ ?

ਭਾਈ ਮਨੀ ਸਿੰਘ ਜੀ ਤੇ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ 'ਸਿੱਖ ਇਤਿਹਾਸ' ਨੂੰ ਨਸ਼ਟ ਕਰਨ ਦਾ ਕੁਕਰਮ ਮੀਣੇ, ਮਸੰਦਾਂ (ਹੰਦਾਲੀਆਂ) ਤੇ ਕਬੀਰ ਪੰਥੀਆਂ ਰਲ ਮਿਲ ਕੇ ਕੀਤਾ। ਨੂਲਹੀ, ਸੋਢੀ ਪ੍ਰਿਥੀ ਚੰਦ ਜੀ ਦਾ ਹਮਾਇਤੀ ਸੀ। ਸੰਭਵ ਹੈ, ਕਿ ਏਹ ਮੁਸਲਮਾਨ ਹਾਕਮਾਨਿ ਵਕਤ ਦਾ ਹੀ ਹੱਥ ਹੋਵੇ। ਏਹ 'ਸਿੱਖ ਇਤਿਹਾਸ' ਨੂੰ ਨਾਸ ਕਰਨ ਦੀ ਪਹਿਲੀ ਕੋਸ਼ਿਸ਼ ਹੋਈ।

ਖਾਲਸਾ ਪੰਥ ਨੂੰ ਸ਼ੁਰੂ ਤੋਂ ਹੀ ਜੰਗਾਂ-ਜੁੱਧਾਂ ਵਿਚ ਲੱਗਣਾ ਪਿਆ। ਮਿਸਲਾਂ ਦੇ ਸਮੇਂ ਸਿੱਖ ਸ੍ਰਦਾਰ 'ਮਹਾਰਾਜਾ' ਬਣਨ ਦਾ ਜਤਨ ਕਰਨ ਲੱਗੇ। ਇਸ ਆਪਾ-ਧਾਪੀ ਦੇ ਵੇਲੇ 'ਈਸਟ ਇੰਡੀਆ ਕੰਪਨੀ' ਦੀ ਛਾਉਣੀ ਲੁਧਿਆਨੇ ਆ ਪਈ। ਉਸ ਵੇਲੇ ਦੀਆਂ ਰਾਜਸੀ ਲੋੜਾਂ ਲਈ 'ਸਿੱਖ ਇਤਿਹਾਸ' ਤਿਆਰ ਕਰਾਏ ਗਏ। ਸਿੱਖ ਰਾਜ ਨਾਸ ਹੋਣ ਵਿਚ ਇਨ੍ਹਾਂ 'ਸਿੱਖ ਇਤਿਹਾਸਾਂ' ਨੇ ਕੀ ਕੰਮ ਕੀਤਾ ? 'ਸਿੱਖ ਇਤਿਹਾਸ' ਦੇ ਖੋਜੀ ਆਪ ਹੀ ਖੋਜ ਲੈਣ। ਅੰਗ੍ਰੇਜ਼ੀ ਅਮਲਦਾਰੀ ਵਿਚ ਸਿੱਖ ਰਾਜਸੀ-ਸੱਟ ਤੋਂ ਨਹੀਂ ਸੰਭਲੇ। 'ਪ੍ਰਚਲਿਤ ਇਤਿਹਾਸ' ਪੰਥ ਵਿਚ ਫੁੱਟ ਫੈਲਾ ਰਹੇ ਹਨ। ਦਰਦੀ ਹਿਰਦਿਆਂ ਨੂੰ ਅਪਨੀਆਂ ਨਸਲਾਂ ਲਈ ਕੋਈ ਮੁਸਤਨਿਦ 'ਸਿੱਖ ਇਤਿਹਾਸ' ਤਿਆਰ ਕਰਾਉਣ ਦੀ ਲੋੜ ਹੈ। ਇਸ ਲੋੜ ਨੂੰ ਅਨੁਭਵ ਕਰਕੇ ਏਹ ਪੁਸਤਕ ਤਿਆਰ ਕਰਾਈ ਗਈ ਹੈ। ਹਰ ਇਕ ਸਿੱਖ ਲਈ ਇਸ ਦਾ ਪੜ੍ਹਨਾ ਜ਼ਰੂਰੀ ਹੈ। ਮੁੱਲ ਕੇਵਲ ।=) ਛੇ ਆਨੇ।

ਇਹ ਪੁਸਤਕ -ਸ੍ਰੀ ਅੰਮ੍ਰਿਤਸਰ ਜੀ ਦੇ ਸਭਨਾਂ ਪੁਸਤਕਾਂ ਵੇਚਣ ਵਾਲਿਆਂ ਪਾਸੋਂ ਮਿਲਦੀ ਹੈ !

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ

ਨਾਮ ਜਪਨ ਦੀ ਜੁਗਤੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਇਕ ਸ਼ਬਦ, ਸਫੇ ਤੇ ਸਤ੍ਰ ਵਿਚ ਨਾਮ ਜਪਨ ਦਾ ਹੁਕਮ ਹੈ। ਸ੍ਰੀ ਮਾਨ ਪੰਡਿਤ ਜਵਾਲਾ ਸਿੰਘ ਜੀ 'ਨਾਰੰਗ' ਨੇ ਗੁਰਬਾਣੀ ਅਨੁਸਾਰ ਨਾਮ ਜਪਨ ਦੀ ਮਹਿਮਾ ਤੇ ਮਹਾਤਮ ਤੇ ਵੀਚਾਰ ਕੀਤੀ ਹੈ। ਕਲਿਜੁਗ ਵਿਚ ਗੁਰਮੁਖ ਨਾਮ ਜਪਨਾ ਹੀ ਜੀਵ ਉਧਾਰ ਦਾ ਇਕਮਾਤ੍ਰ ਸਾਧਨ ਹੈ। ਨਾਮ ਜਪਨ ਦੀ ਜੁਗਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਨਕੂਲ ਦੱਸੀ ਹੈ। ਸਤਿਨਾਮ ਵਾਹਿਗੁਰੂ ਨਾਮ ਦਾ ਨਿਰਨਾ ਕੀਤਾ ਹੈ। ਨਾਮਾਵਲੀ, ਸਿਮਰਨੀ ਰਸਨਾ, ਹਿਰਦੇ ਜਪਨੀ, ਅਜਪਾ ਜਪੁ, ਉਨਮਨਿ ਧਿਆਨ, ਗੁਰ ਮੂਰਤ, ਅਨਹਦ ਸ਼ਬਦ, ਆਦਿ ਪਰ ਵਿਸਥਾਰ ਪੂਰਬਕ ਵੀਚਾਰ ਹੈ। ਵੀਹ ਇਕੀਹ ਅਭਿਆਸ ਦੀ ਜੁਗਤੀ ਦਾ ਵਰਨਨ ਹੈ। ਨਾਮ ਰੰਗ ਸਿੱਧਾਂਤ ਸਪਸ਼ਟ ਕਰ ਦਿੱਤਾ ਹੈ। ਨਾਮ ਅਭਿਆਸ ਦਾ ਇਕ ਚਿਤ੍ਰ ਭੀ ਨਾਲ ਹੈ। ਨਾਮ ਦੇ ਰਸੀਏ ਗੁਰਮੁਖ ਸਿਖਾਂ ਨੂੰ ਇਸ ਤੋਂ ਲਾਭ ਉਠਾਉਣਾ ਚਾਹੀਦਾ ਹੈ। ਮੁਲ ॥।)